## PART-B

## ਪਾਠ-1

## ਸਮਸ਼ਟੀ ਅਰਥ ਸ਼ਾਸਤਰ ਕੀ ਹੈ

**ਦੋ ਅੰਕਾਂ ਵਾਲੇ ਪ੍ਰਸ਼ਨ:-**

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ 1:- ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰੰਪਰਾਵਾਦੀ ਅਰਥ ਸ਼ਾਸ਼ਤਰ ਨਹੀ ਹੈ?

(ੳ) ਜੇ. ਬੀ. ਸੇ (ਅ) ਪੀਗੂ (ੲ) ਕੇਨਜ਼ (ਸ) ਮਾਰਸ਼ਲ

ਉੱਤਰ:- (ੲ) ਕੇਨਜ਼

ਪ੍ਰਸ਼ਨ2:-''ਮੁਦਰਾ,ਵਿਆਜ ਅਤੇ ਰੁਜ਼ਗਾਰ ਦਾ ਆਮ ਸਿਧਾਂਤ'' ਕਿਸ ਦੀ ਲਿਖੀ ਪੁਸਤਕ ਹੈ?

(ੳ) ਜੇ. ਬੀ. ਸੇ (ਅ) ਪੰਗੂ (ੲ) ਕੇਨਜ (ਸ) ਮਾਰਸ਼ਲ

ਉੱਤਰ:- (ੲ) ਕੇਨਜ

ਪ੍ਰਸ਼ਨ3:- ਹੇਠ ਲਿਖਿਆਂ ਵਿੱਚੋਂ ਕਿਹੜਾ ਸਮਸ਼ਟੀ ਆਰਥਿਕ ਚਰ ਨਹੀਂ ਹੈ?

(ੳ)ਰਾਸ਼ਟਰੀ ਆਮਦਨ (ਅ) ਕੁੱਲ ਮੰਗ (ੲ) ਵਿਅਕਤੀਗਤ ਮੰਗ (ਸ) ਕੁੱਲ ਪੂਰਤੀ

ਉੱਤਰ:- (ੲ) ਵਿਅਕਤੀਗਤ ਮੰਗ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ4:-ਕੇਨਜ਼ ਦੇ ਅਨੁਸਾਰ ਅਰਥ ਵਿਵਸਥਾ ਵਿੱਚ ਆਮ ਤੌਰ ਤੇ--------ਸੰਤੁਲਨ ਪਾਇਆ ਜਾਂਦਾ ਹੈ।

ਉੱਤਰ:- ਅਪੂਰਣ ਰੁਜ਼ਗਾਰ

ਪ੍ਰਸ਼ਨ5:- ਅਰਥ ਵਿਵਸਥਾ ਨਾਲ ਸਬੰਧਿਤ ਸਮੂਹਾਂ ਦਾ ਅਧਿਐਨ----------ਵਿੱਚ ਕੀਤਾ ਜਾਂਦਾ ਹੈ।

ਉੱਤਰ:- ਸਮਸ਼ਟੀ ਅਰਥ ਸ਼ਾਸ਼ਤਰ

ਪ੍ਰਸ਼ਨ6:- ਪੂਰਨ ਰੁਜ਼ਗਾਰ ਸੰਤੁਲਤ-------ਅਰਥ ਸ਼ਾਸ਼ਤਰ ਦੀ ਮੁੱਖ ਵਿਸ਼ੇਸ਼ਤਾ ਹੈ।

ਉੱਤਰ:- ਪਰੰਪਰਾਵਾਦੀ।

ਪ੍ਰਸ਼ਨ7:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਵਿਅਕਤੀਗਤ ਇਕਾਈਆਂ | (a)ਸਮਸ਼ਟੀ ਅਰਥ ਸ਼ਾਸਤਰ |
| (b) ਸਮੂਹਾਂ ਦਾ ਅਧਿਐਨ | (b)ਪੀਗੂ |
| (c) ਪਰੰਪਰਾਵਾਦੀ ਅਰਥ ਸ਼ਾਸਤਰੀ | (c)ਕੇਨਜ਼ |
| (d) ਆਧੁਨਿਕ ਅਰਥ ਸ਼ਾਸਤਰੀ | (d) ਵਿਅਸ਼ਟੀ ਅਰਥ ਸ਼ਾਸਤਰ |

ਉੱਤਰ:- **a-d, b-a, c-b,d-c**

ਪ੍ਰਸ਼ਨ8:-ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਪ੍ਰੰਪਰਾਵਾਦੀ ਦ੍ਰਿਸ਼ਟੀਕੋਣ | (a)ਰਾਬਰਟ ਲੁਕਾਸ |
| (b) ਕੇਨਜ਼ ਦਾ ਦ੍ਰਿਸ਼ਟੀਕੋਣ | (b)ਮਿਲਟਨ ਫਰੀਡਮੈਨ |
| (c) ਮੁਦਰਾਵਾਦੀ ਦ੍ਰਿਸ਼ਟੀਕੋਣ | (c)ਪੀਗੂ |
| (d) ਵਿਵੇਕਸ਼ੀਲ ਆਸਾਂ ਦਾ ਸਿਧਾਂਤ | (d) ਕੇਨਜ਼ |

ਉੱਤਰ:- **a-c, b-d, c-b,d-a**

ਪ੍ਰਸ਼ਨ9:-ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਉਪਭੋਗਤਾ ਵਸਤੂਆਂ | (a)ਪਲਾਂਟ,ਮਸ਼ੀਨਰੀ |
| (b) ਪੂੰਜੀਗਤ ਵਸਤੂਆਂ | (b) ਪਹਿਨਣ ਲਈ ਖਰੀਦੇ ਕੱਪੜੇ |
| (c) ਅੰਤਿਮ ਵਸਤੂਆਂ | (c) ਕਮੀਜਾਂ ਬਨਾਉਣ ਲਈ ਖਰੀਦਿਆ ਕੱਪੜਾ |
| (d) ਮੱਧਵਰਤੀ ਵਸਤੂਆਂ | (d) ਪੈੱਨ, ਕਮੀਜ਼, ਸੇਬ। |

ਉੱਤਰ:- **a-d, b-a, c-b,d-c**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ10:- ਸਮਸ਼ਟੀ ਅਰਥ-ਸ਼ਾਸ਼ਤਰ ਦੀ ਕੋਈ ਸੀਮਾ ਨਹੀਂ ਹੈ।

ਉੱਤਰ:-ਗਲਤ।

ਪ੍ਰਸ਼ਨ11:-ਉਪਭੋਗ ਫਲਨ ਦਾ ਅਧਿਐਨ ਸਮਸ਼ਟੀ ਅਰਥ ਸ਼ਾਸ਼ਤਰ ਦੇ ਅੰਤਰਗਤ ਕੀਤਾ ਜਾਂਦਾ ਹੈ।

ਉੱਤਰ:-ਠੀਕ।

ਪ੍ਰਸ਼ਨ12:- ਕੇਨਜ਼ ਦੇ ਅਨੁਸਾਰ ਅਰਥ ਵਿਵਸਥਾ ਵਿੱਚ ਸਰਕਾਰੀ ਦਖਲ ਬਹੁਤ ਮਹੱਤਵਪੂਰਨ ਹੈ।

ਉੱਤਰ:-ਠੀਕ।

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ13:- ਸਮਸ਼ਟੀ ਅਰਥ ਸ਼ਾਸ਼ਤਰ ਦਾ ਅਰਥ ਤੇ ਪਰਿਭਾਸ਼ਾ ਲਿਖੋ।

ਪ੍ਰਸ਼ਨ14:-ਕੇਨਜ਼ ਦੇ ਸਮਸ਼ਟੀ ਅਰਥ ਸ਼ਾਸ਼ਤਰ ਦੇ ਕੋਈ ਤਿੰਨ ਮਹੱਤਵ ਲਿਖੋ।

ਪ੍ਰਸ਼ਨ15:- ਕੇਨਜ਼ ਦੀ ਪ੍ਰਸਿੱਧ ਪੁਸਤਕ ਦਾ ਨਾਮ ਤੇ ਇਹ ਕਦੋਂ ਪ੍ਰਕਾਸ਼ਿਤ ਹੋਈ।

ਪ੍ਰਸ਼ਨ16:-ਉਪਭੋਗੀ ਵਸਤੂਆਂ ਅਤੇ ਪੂੰਜੀਗਤ ਵਸਤੂਆਂ ਵਿੱਚ ਅੰਤਰ ਲਿਖੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ17:-ਸਟਾਕ ਅਤੇ ਪ੍ਰਵਾਹ ਵਿੱਚ ਅੰਤਰ ਲਿਖੋ।

ਪ੍ਰਸ਼ਨ18:- ਅੰਤਿਮ ਵਸਤੂਆਂ ਅਤੇ ਮੱਧਵਰਤੀ ਵਸਤੂਆਂ ਵਿੱਚ ਅੰਤਰ ਲਿਖੋ।

ਪ੍ਰਸ਼ਨ19:- ਕੁੱਲ ਨਿਵੇਸ਼ ਅਤੇ ਸ਼ੁੱਧ ਨਿਵੇਸ਼ ਦੀ ਪਰਿਭਾਸ਼ਾ ਦਿਉ।

ਪ੍ਰਸ਼ਨ20:- ਨਿਵੇਸ਼ ਦੀਆਂ ਕਿਸਮਾਂ ਦੇ ਨਾਂ ਲਿਖਕੇ ਕਿਸੇ ਦੋ ਕਿਸਮਾਂ ਦੀ ਵਿਆਖਿਆ ਕਰੋ।

## ਪਾਠ-2

## ਆਮਦਨ ਦਾ ਚੱਕਰੀ ਪ੍ਰਵਾਹ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ 1:- ਹੇਠ ਲਿਖਿਆ ਵਿਚੋਂ ਕਿਹੜੀ ਆਮਦਨ ਦੇ ਚੱਕਰੀ ਪ੍ਰਵਾਹ ਦੀ ਅਵਸਥਾ ਹੈ?

(ੳ)ਉਤਪਾਦ ਦੀ ਅਵਸਥਾ (ਅ)ਵੰਡ ਦੀ ਅਵਸਥਾ (ੲ)ਉਪਭੋਗ ਦੀ ਅਵਸਥਾ (ਸ) ਇਹ ਤਿੰਨੋ ਹੀ।

ਉੱਤਰ:- (ਸ) ਇਹ ਤਿੰਨੋ ਹੀ।

ਪ੍ਰਸ਼ਨ2:-ਅਰਥ ਵਿਵਸਥਾ ਵਿੱਚ ਮੁਦਰਾ ਦੇ ਪ੍ਰਵਾਹ ਨੂੰ ਕੀ ਕਿਹਾ ਜਾਂਦਾ ਹੈ?

(ੳ)ਵਾਸਤਵਿਕ ਪ੍ਰਵਾਹ (ਅ)ਮੁਦਰਿਕ ਪ੍ਰਵਾਹ (ੲ)ਆਰਥਿਕ ਪ੍ਰਵਾਹ (ਸ)ਇਹਨਾਂ ਵਿੱਚੋਂ ਕੋਈ ਨਹੀ।

ਉੱਤਰ:- (ਅ)ਮੁਦਰਿਕ ਪ੍ਰਵਾਹ

ਪ੍ਰਸ਼ਨ3:- ਆਮਦਨ ਦੇ ਚੱਕਰੀ ਪ੍ਰਵਾਹ ਦੇ ਕੁੱਲ ਕਿੰਨੇ ਮਾਡਲ ਹਨ?

(ੳ)2 (ਅ)3 (ੲ)4 (ਸ)5

ਉੱਤਰ:- (ਅ)3

ਪ੍ਰਸ਼ਨ4:-ਅਰਥ ਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਨੂੰ ਕੀ ਕਿਹਾ ਜਾਂਦਾ ਹੈ?

(ੳ) ਵਾਸਤਵਿਕ ਪ੍ਰਵਾਹ (ਅ) ਮੁਦਰਿਕ ਪ੍ਰਵਾਹ (ੲ) ਆਰਥਿਕ ਪ੍ਰਵਾਹ (ਹ)ਇਹਨਾਂ ਵਿੱਚੋਂ ਕੋਈ ਨਹੀ।

ਉੱਤਰ:- (ੳ) ਵਾਸਤਵਿਕ ਪ੍ਰਵਾਹ।

**ਖਾਲੀ ਥਾਵਾਂ ਭਰੋ:-**

ਪ੍ਰਸ਼ਨ5:- ਕਿਸੇ ਵੀ ਅਰਥ ਵਿਵਸਥਾ ਵਿੱਚ---------ਖੇਤਰ ਹੁੰਦੇ ਹਨ।

ਉੱਤਰ:- ਪੰਜ।

ਪ੍ਰਸ਼ਨ6:- ਮੁਦਰਾ ਦੇ ਲੈਣ ਦੇਣ ਦਾ ਕਾਰਜ -----------ਖੇਤਰ ਦੁਆਰਾ ਕੀਤਾ ਜਾਂਦਾ ਹੈ।

ਉੱਤਰ:- ਵਿੱਤੀ

ਪ੍ਰਸ਼ਨ:7-ਇੱਕ ਖਾਸ ਸਮਾਂ ਅਵਧੀ ਵਿੱਚ ਵਸਤੂਆਂ ਦੇ ਮਾਪ ਨੂੰ---------ਕਹਿੰਦੇ ਹਨ।

ਉੱਤਰ:- ਸਟਾਕ

ਪ੍ਰਸ਼ਨ8 :--------ਖੇਤਰ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਦਾ ਹੈ।

ਉੱਤਰ :-ਉਤਪਾਦਕ

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਉਤਪਾਦਕ ਖੇਤਰ | (a) ਵਸਤੂਆਂ ਅਤੇ ਸੇਵਾਵਾਂ ਦਾ ਆਯਾਤ ਨਿਰਯਾਤ |
| (b)ਪਰਿਵਾਰਕ ਖੇਤਰ | (b)ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ |
| (c) ਸਰਕਾਰੀ ਖੇਤਰ | (c)ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ |
| (d)ਬਾਕੀ ਵਿਸ਼ਵ ਖੇਤਰ | (d)ਆਰਥਿਕ ਗਤੀਵਿਧੀਆਂ |

ਉੱਤਰ:- **a-b, b-c, c-d,d-a**

ਪ੍ਰਸ਼ਨ10:-ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਭੂਮੀ ਨੂੰ | (a)ਲਾਭ |
| (b)ਕਿਰਤ ਨੂੰ | (b)ਲਗਾਨ |
| (c)ਪੂੰਜੀ ਨੂੰ | (c)ਮਜ਼ਦੂਰੀ |
| (d) ਉੱਦਮੀ ਨੂੰ | (d)ਵਿਆਜ |

ਉੱਤਰ:- **a-b, b-c, c-d,d-a**

ਪ੍ਰਸ਼ਨ11:-ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਪ੍ਰਵਾਹ | (a)ਆਮਦਨ ਦੇ ਚੱਕਰੀ ਪ੍ਰਵਾਹ ਨੂੰ ਵਿਸਤ੍ਰਿਤ ਕਰਦੇ ਹਨ |
| (b) ਸਟਾਕ | (b) ਵਸਤੂ ਦੀ ਮਾਤਰਾ ਨੂੰ ਨਿਸ਼ਚਿਤ ਸਮੇਂ ਵਿੱਚ ਮਾਪਣਾ |
| (c) ਛੇਕ | (c) ਖਾਸ ਸਮਾਂ ਅਵਧੀ ਵਿੱਚ ਵਸਤੂ ਦਾ ਮਾਪ |
| (d) ਭਰਨ | (d) ਆਮਦਨ ਦੇ ਚੱਕਰੀ ਪ੍ਰਵਾਹ ਨੂੰ ਕਮਜ਼ੋਰ ਕਰਦੇ ਹਨ। |

ਉੱਤਰ:- **a-b, b-c, c-d,d-a**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ12:- ਮੰਦੀ ਦੌਰਾਨ ਆਮਦਨ ਦਾ ਚੱਕਰੀ ਪ੍ਰਵਾਹ ਸੰਕੁਚਿਤ ਹੋ ਜਾਂਦਾ ਹੈ। **(ਗਲਤ)**

ਪ੍ਰਸ਼ਨ13:- ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ ਪਰਿਵਾਰਿਕ ਖੇਤਰ ਦੁਆਰਾ ਕੀਤਾ ਜਾਂਦਾ ਹੈ।**(ਠੀਕ)**

ਪ੍ਰਸ਼ਨ14:- ਬਾਕੀ ਵਿਸ਼ਵ ਖੇਤਰ ਦਾ ਸਬੰਧ ਦੂਜੇ ਦੇਸ਼ਾਂ ਨਾਲ ਕੀਤੇ ਗਏ ਲੈਣ ਦੇਣ ਨਾਲ ਹੁੰਦਾ ਹੈ। **(ਠੀਕ)**

ਪ੍ਰਸ਼ਨ15:-ਭਰਨ ਆਮਦਨ ਦੇ ਚੱਕਰੀ ਪ੍ਰਵਾਹ ਨੂੰ ਕਮਜ਼ੋਰ ਕਰਦੇ ਹਨ। **(ਗਲਤ)**

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ16:-ਆਮਦਨ ਦੇ ਚੱਕਰੀ ਪ੍ਰਵਾਹ ਦੇ ਛੇਕਾਂ ਤੇ ਨੋਟ ਲਿਖੋ।

ਪ੍ਰਸ਼ਨ17:- ਆਮਦਨ ਦੇ ਚੱਕਰੀ ਪ੍ਰਵਾਹ ਦੇ ਭਰਨ ਤੇ ਨੋਟ ਲਿਖੋ।

ਪ੍ਰਸ਼ਨ18:-ਆਮਦਨ ਦਾ ਚੱਕਰੀ ਪ੍ਰਵਾਹ ਕੀ ਹੈ?

ਪ੍ਰਸ਼ਨ19:-ਆਮਦਨ ਦੇ ਚੱਕਰੀ ਪ੍ਰਵਾਹ ਦੇ ਦੋ ਖੇਤਰੀ ਮਾਡਲ ਦੀ ਵਿਆਖਿਆ ਕਰੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ20:- ਆਮਦਨ ਦੇ ਚੱਕਰੀ ਪ੍ਰਵਾਹ ਦੀਆਂ ਵਿਭਿੰਨ ਅਵਸਥਾਵਾਂ ਦੀ ਵਿਆਖਿਆ ਕਰੋ।

ਪ੍ਰਸ਼ਨ21:- ਆਮਦਨ ਦੇ ਚੱਕਰੀ ਪ੍ਰਵਾਹ ਦੇ ਤਿੰਨ ਖੇਤਰੀ ਮਾਡਲ ਦੀ ਵਿਆਖਿਆ ਕਰੋ।

ਪ੍ਰਸ਼ਨ22:-ਆਮਦਨ ਅਤੇ ਉਤਪਾਦ ਦੇ ਚੱਕਰੀ ਪ੍ਰਵਾਹ ਵਿੱਚ 'ਬੱਚਤ' ਨੂੰ 'ਛੇਕ' ਅਤੇ 'ਨਿਵੇਸ਼' ਨੂੰ ਭਰਨ ਕਿਉਂ ਮੰਨਿਆ ਜਾਂਦਾ ਹੈ।

ਪ੍ਰਸ਼ਨ :-23 ਆਮਦਨ ਦੇ ਚੱਕਰੀ ਪ੍ਰਵਾਹ ਦੀ ਮਹੱਤਤਾ ਲਿਖੋ।

## ਪਾਠ-3

## ਰਾਸ਼ਟਰੀ ਆਮਦਨ:ਮੂਲ ਧਾਰਨਾਵਾਂ ਅਤੇ ਸੰਬੰਧਿਤ ਸਮੂਹ

**2 ਅੰਕ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- $GDP_{MP}$ ਬਾਰੇ ਕੀ ਸਹੀ ਹੈ।

(ੳ)ਇਹ ਇੱਕ ਕੁੱਲ ਧਾਰਣਾ ਹੈ (ਅ)ਇਹ ਇੱਕ ਘਰੇਲੂ ਧਾਰਣਾ ਹੈ

(ੲ)ਇਸਦੀ ਗਣਨਾ ਬਜ਼ਾਰ ਕੀਮਤ ਤੇ ਕੀਤੀ ਜਾਂਦੀ ਹੈ। (ਸ) ਇਹ ਸਭ ਕਥਨ ਸਹੀ ਹਨ।

ਉੱਤਰ:- (ਸ)ਇਹ ਸਭ ਕਥਨ ਸਹੀ ਹਨ।

ਪ੍ਰਸ਼ਨ2:-ਨਿੱਜੀ ਆਮਦਨ ਵਿੱਚ ਕਿਹੜੇ ਤੱਤਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ:

(ੳ) ਹਸਤਾਂਤਰਣ ਭੁਗਤਾਨ (ਅ)ਰਾਸ਼ਟਰੀ ਕਰਜ਼ ਤੇ ਵਿਆਜ

(ੲ) ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ (ਸ) ਇਹਨਾਂ ਵਿਚੋਂ ਕੋਈ ਨਹੀ।

ਉੱਤਰ:- (ਸ) ਇਹਨਾਂ ਵਿਚੋਂ ਕੋਈ ਨਹੀ।

ਪ੍ਰਸ਼ਨ3:-ਰਾਸ਼ਟਰੀ ਆਮਦਨ ਵਿੱਚ ਕਿਹੜੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ:

(ੳ)ਇਹ ਇੱਕ ਸ਼ੁੱਧ ਧਾਰਣਾ ਹੈ (ਅ)ਇਹ ਇੱਕ ਰਾਸ਼ਟਰੀ ਧਾਰਣਾ ਹੈ

(ੲ)ਇਸਦੀ ਗਣਨਾ ਸਾਧਨ ਕੀਮਤ ਤੇ ਕੀਤੀ ਜਾਂਦੀ ਹੈ (ਸ) ਇਹ ਸਾਰੀਆਂ ਹੀ।

ਉੱਤਰ:- (ਸ) ਇਹ ਸਾਰੀਆ ਹੀ।

ਪ੍ਰਸ਼ਨ4:-ਹੇਠ ਲਿਖਿਆਂ ਵਿਚੋਂ ਕਿਹੜੀ ਧਾਰਣਾ ਸਭ ਤੋਂ ਵਿਸਤ੍ਰਿਤ ਹੈ।

(ੳ) ਨਿੱਜੀ ਆਮਦਨ (ਅ) ਵਿਅਕਤੀਗਤ ਆਮਦਨ

(ੲ)ਵਿਅਕਤੀਗਤ ਖਰਚ ਯੋਗ ਆਮਦਨ (ਸ) ਇਹਨਾਂ ਵਿਚੋਂ ਕੋਈ ਨਹੀਂ

ਉੱਤਰ:- (ੳ) ਨਿੱਜੀ ਆਮਦਨ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ5:-$\mathbf{GDP_{MP}=GDP_{FC}}$+--------------

ਉੱਤਰ:- Net Indiretct Taxes

ਪ੍ਰਸ਼ਨ6:-$\mathbf{NDP_{FC}=NDP_{MP}}$ - ---------------

ਉੱਤਰ:- Net Indirect Taxes

ਪ੍ਰਸ਼ਨ7:-ਜਦੋਂ ਕੋਈ ਨਿਵਾਸੀ ਇੱਕ ਦੇਸ਼ ਵਿੱਚ ਰਹਿੰਦਾ ਹੈ ਅਤੇ ਉਸਦੀ ਦਿਲਚਸਪੀ ਵੀ ਉਸੇ ਦੇਸ਼ ਵਿੱਚ ਹੈ ਤਾਂ ਉਸਨੂੰ------------ਕਹਿੰਦੇ ਹਨ।

ਉੱਤਰ:- ਦੇਸ਼ ਦਾ ਸਾਧਾਰਣ ਵਸਨੀਕ

ਪ੍ਰਸ਼ਨ8:- ਨਿੱਜੀ ਆਮਦਨ ਵਿੱਚ ------------ਅਤੇ---------ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਉੱਤਰ:- ਨਿਗਮ ਕਰ ਅਤੇ ਨਿਗਮ ਖੇਤਰ ਦੀਆਂ ਬੱਚਤਾਂ

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) $GDP_{MP}$ | (a)Net Domestic Product at Market Price |
| (b) $GNP_{MP}$ | (b)Net National Product at Market Price |
| (c) $NDP_{Mp}$ | (c) Gross Domestic Product at Market Price |
| (d) $NNP_{MP}$ | (d)Gross National Product at Market Price |

ਉੱਤਰ:- **a-c, b-d, c-a,d-b**

ਪ੍ਰਸ਼ਨ10:-ਸਹੀ ਮਿਲਾਣ ਕਰੋ:-

| ੳ | ਅ |
|---|---|
| (a) ਨਿੱਜੀ ਆਮਦਨ | (a)ਇੱਕ ਨਿਸ਼ਚਿਤ ਸਮੇਂ ਦੌਰਾਨ ਉਤਪਾਦਨ ਦੇ ਸਾਧਨਾਂ ਦੁਆਰਾ ਪੈਦਾ ਕੀਤੀਆਂ ਵਸਤੂਆਂ ਅਤੇ ਸੇਵਾਵਾਂ ਦੀ ਮੁਦਰਿਕ ਕੀਮਤ |
| (b) ਵਿਅਕਤੀਗਤ ਆਮਦਨ | (b)ਇੱਕ ਨਿਸ਼ਚਿਤ ਵਿੱਤੀ ਸਾਲ ਵਿੱਚ ਦੇਸ਼ ਦੇ ਸਾਰੇ ਵਸਨੀਕਾਂ ਕੋਲ ਸਾਰੇ ਸਰੋਤਾਂ ਤੋਂ ਉਪਲਬਧ ਖਰਚ ਯੋਗ ਆਮਦਨ |
| (c) ਰਾਸ਼ਟਰੀ ਆਮਦਨ | (c)ਇੱਕ ਨਿਸ਼ਚਿਤ ਵਿੱਤੀ ਸਾਲ ਦੇ ਦੌਰਾਨ ਦੇਸ਼ ਦੇ ਸਾਰੇ ਵਿਅਕਤੀਆਂ ਅਤੇ ਪਰਿਵਾਰਾਂ ਦੀਆਂ ਆਮਦਨ |
| (d)ਰਾਸ਼ਟਰੀ ਖਰਚ ਯੋਗ ਆਮਦਨ | (d) ਕਿਸੇ ਨਿਸ਼ਚਿਤ ਵਿੱਤੀ ਸਾਲ ਦੇ ਦੌਰਾਨ ਦੇਸ਼ ਦੇ ਨਿੱਜੀ ਖੇਤਰ ਨੂੰ ਸਾਰੇ ਸਰੋਤਾਂ ਤੋਂ ਪ੍ਰਾਪਤ ਆਮਦਨ |

ਉੱਤਰ:- **a-d, b-c, c-a,d-b**

ਪ੍ਰਸ਼ਨ11:-ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਦੇਸ਼ ਦੇ ਸਾਧਾਰਨ ਵਸਨੀਕ | (a)ਅਜਿਹੀਆਂ ਉਤਪਾਦਕ ਇਕ ਈਆਂ ਜਿਹਨਾਂ ਦੀ ਮਲਕੀਅਤ ਨਿਜੀ ਹੱਥਾਂ ਵਿੱਚ ਹੋਵੇ। |
| (b) ਦੇਸ਼ ਦਾ ਘਰੇਲੂ ਖੇਤਰ | (b) ਘੱਟ ਤੋਂ ਘੱਟ ਇੱਕ ਸਾਲ ਜਾਂ ਵੱਧ ਸਮੇ ਦੇ ਵਸਨੀਕ |
| (c) ਸਰਕਾਰੀ ਖੇਤਰ | (c)ਦੂਤਾਵਾਸ, ਸਮੁੰਦਰੀ ਜਹਾਜ ਰਾਜਨੀਤਿਕ ਸੀਮਾਵਾਂ ਦੇ ਨਾਲ ਲੱਗਦਾ ਇਲਾਕਾ ਤੇ ਪਾਣੀ |
| (d) ਨਿੱਜੀ ਖੇਤਰ | (d) ਅਜਿਹੀਆਂ ਉਤਪਾਦਕ ਇਕਾਈਆਂ ਜਿਹਨਾਂ ਦੀ ਮਲਕੀਅਤ ਸਰਕਾਰੀ ਹੱਥਾਂ ਵਿੱਚ ਹੋਵੇ। |

ਉੱਤਰ:- **a-b, b-c, c-d,d-a**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ12:- ਉਤਪਾਦਨ ਦੇ ਸਾਰੇ ਸਾਧਨਾਂ ਦੀ ਆਮਦਨ ਦੇ ਜੋੜ ਨੂੰ ਰਾਸ਼ਟਰੀ ਆਮਦਨ ਕਿਹਾ ਜਾਂਦਾ ਹੈ।

ਉੱਤਰ:- (**ਠੀਕ**)

ਪ੍ਰਸ਼ਨ13:-ਦੇਸ਼ ਦੇ ਭੂਗੋਲਿਕ ਖੇਤਰ ਅਤੇ ਦੇਸ਼ ਦੇ ਘਰੇਲੂ ਖੇਤਰ ਵਿੱਚ ਬਹੁਤ ਅੰਤਰ ਹੈ।

ਉੱਤਰ (ਠੀਕ)

ਪ੍ਰਸ਼ਨ14:- ਸ਼ੁੱਧ ਅਤੇ ਕੁੱਲ ਧਾਰਨਾਵਾਂ ਵਿੱਚ ਘਿਸਾਵਟ ਦਾ ਅੰਤਰ ਹੈ।

ਉੱਤਰ:- (ਠੀਕ)

ਪ੍ਰਸ਼ਨ15:- ਕਿਸੇ ਦੇਸ਼ ਦੇ ਸਾਧਾਰਨ ਵਸਨੀਕਾਂ ਦੀ ਧਾਰਨਾ ਨਾਗਰਿਕਾਂ ਦੀ ਧਾਰਣਾ ਵਰਗੀ ਹੀ ਹੈ।

ਉੱਤਰ:-ਗਲਤ

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ16:-$\mathbf{GDP_{MP}}$ ਦੀ ਵਿਆਖਿਆ ਕਰੋ।

ਪ੍ਰਸ਼ਨ17:-ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਦੱਸੋ।

ਪ੍ਰਸ਼ਨ18 ਨਿੱਜੀ ਆਮਦਨ ਦੀ ਵਿਆਖਿਆ ਕਰੋ।

ਪ੍ਰਸ਼ਨ19:-ਦੇਸ਼ ਦੇ ਸਾਧਾਰਨ ਵਸਨੀਕਾਂ ਤੇ ਨੋਟ ਲਿਖੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ20:- ਦੇਸ਼ ਦੇ ਘਰੇਲੂ ਖੇਤਰ ਤੇ ਨੋਟ ਲਿਖੋ।

ਪ੍ਰਸ਼ਨ21:- ਨਿੱਜੀ ਆਮਦਨ ਅਤੇ ਵਿਅਕਤੀਗਤ ਆਮਦਨ ਵਿੱਚ ਅੰਤਰ ਲਿਖੋ।

ਪ੍ਰਸ਼ਨ22:-ਵਿਅਕਤੀਗਤ ਆਮਦਨ ਅਤੇ ਰਾਸ਼ਟਰੀ ਆਮਦਨ ਵਿੱਚ ਅੰਤਰ ਲਿਖੋ।

## ਪਾਠ-4

## ਰਾਸ਼ਟਰੀ ਆਮਦਨ ਦੀ ਗਣਨਾ

**ਦੋ ਅੰਕਾਂ ਵਾਲੇ ਪ੍ਰਸ਼ਨ:-**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਹੇਠਾ ਲਿਖਿਆਂ ਵਿੱਚੋਂ ਕਿਹੜੀ ਰਾਸ਼ਟਰੀ ਆਮਦਨ ਦੀ ਗਣਨਾ ਦੀ ਵਿਧੀ ਹੈ।

(ੳ)ਉਤਪਾਦ ਵਿਧੀ (ਅ)ਆਮਦਨ ਵਿਧੀ (ੲ)ਖਰਚ ਵਿਧੀ (ਸ) ਇਹ ਤਿੰਨੋ ਹੀ।

ਉੱਤਰ:- (ਸ) ਇਹ ਤਿੰਨੋ ਹੀ।

ਪ੍ਰਸ਼ਨ2:-ਪਰਿਚਾਲਣ ਬੇਸ਼ੀ ਵਿੱਚ ਕਿਹੜੇ ਤੱਤ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ।

(ੳ)ਲਗਾਨ (ਅ)ਮੁੱਲ ਵਾਧਾ (ੲ)ਵਿਆਜ਼ (ਸ)ਇਹਨਾਂ ਵਿਚੋਂ ਕੋਈ ਨਹੀਂ।

ਉੱਤਰ:-(ਅ)ਮੁੱਲ ਵਾਧਾ

ਪ੍ਰਸ਼ਨ3:- ਦੋਹਰੀ ਗਣਨਾ ਦੀ ਸਮੱਸਿਆ ਕਿਹੜੀ ਵਿਧੀ ਦੇ ਪ੍ਰਯੋਗ ਸਮੇਂ ਉਤਪੰਨ ਹੁੰਦੀ ਹੈ?

(ੳ)ਉਤਪਾਦ ਵਿਧੀ (ਅ)ਆਮਦਨ ਵਿਧੀ (ੲ)ਖਰਚ ਵਿਧੀ (ਸ)ਸਾਧਨ ਵਿਧੀ।

ਉੱਤਰ:- (ੳ)ਉਤਪਾਦ ਵਿਧੀ

ਪ੍ਰਸ਼ਨ4:-ਹੇਠ ਵਿਚੋਂ ਕਿਹੜੀ ਰਾਸ਼ਟਰੀ ਆਮਦਨ ਹੈ:-

ਉੱਤਰ:- (ੳ)$\mathbf{NNP_{MP}}$ (ਅ)$\mathbf{GNP_{FC}}$ (ੲ) $\mathbf{NNP_{FC}}$ (ਸ)$\mathbf{GNP_{MP}}$

ਉੱਤਰ:- (ੲ) $\mathbf{NNP_{FC}}$

**ਖਾਲੀ ਥਾਵਾਂ ਭਰੋ:-**

ਪ੍ਰਸ਼ਨ5:- ਆਮਦਨ ਵਿਧੀ ਨੂੰ--------ਵਿਧੀ ਵੀ ਕਿਹਾ ਜਾਂਦਾ ਹੈ।

ਉੱਤਰ:- ਸਾਧਨ ਭੁਗਤਾਨ

ਪ੍ਰਸ਼ਨ6:- ਮੁੱਲ ਵਾਧਾ =ਉਤਪਾਦਨ ਕੀਮਤ - ----------

ਉੱਤਰ:- ਮੱਧਵਰਤੀ ਉਪਭੋਗ

ਪ੍ਰਸ਼ਨ7:- ਕੁੱਝ ਵਸਤਾਂ ਦੀ ਵੱਖ-ਵੱਖ ਸਤਰ ਤੇ ਸ਼ਮੂਲੀਅਤ ਨੂੰ------ਕਿਹਾ ਜਾਂਦਾ ਹੈ।

ਉੱਤਰ:- ਦੋਹਰੀ ਗਣਨਾ

ਪ੍ਰਸ਼ਨ8:-ਰਾਸ਼ਟਰੀ ਆਮਦਨ ਦੀ ਗਣਨਾ ਦੀਆਂ-----ਵਿਧੀਆਂ ਹਨ।

ਉੱਤਰ:- ਤਿੰਨ

ਪ੍ਰਸ਼ਨ 9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਮੁੱਢਲਾ ਖੇਤਰ | (a)ਮੱਧਵਰਤੀ ਉਪਭੋਗ ਦੇ ਆਧਾਰ ਤੇ ਉਤਪਾਦਨ ਕਰਨਾ |
| (b)ਗੌਣ ਖੇਤਰ | (b) ਸੇਵਾਵਾਂ ਦਾ ਉਤਪਾਦਨ ਕਰਨਾ। |
| (c)ਤੀਜਾ ਖੇਤਰ | (c) ਕੁਦਰਤੀ ਸਾਧਨਾਂ ਦਾ ਪ੍ਰਯੋਗ ਕਰਕੇ ਉਤਪਾਦਨ ਕਰਨਾ |

ਉੱਤਰ:- **a-c, b-a, c-b**

ਪ੍ਰਸ਼ਨ10:-ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਖਰਚ ਵਿਧੀ | (a) ਕਿਸੇ ਨਿਸ਼ਚਿਤ ਵਿੱਤੀ ਸਾਲ ਦੇ ਦੌਰਾਨ ਕੀਤਾ ਕੁੱਲ ਉਤਪਾਦਨ ਜਾਂ ਮੁੱਲ ਵਾਧਾ। |
| (b)ਆਮਦਨ ਵਿਧੀ | (b) ਇੱਕ ਨਿਸ਼ਚਿਤ ਵਿੱਤੀ ਸਾਲ ਦੌਰਾਨ ਦੇਸ਼ ਦੇ ਘਰੇਲੂ ਖੇਤਰ ਅੰਦਰ ਕੁੱਲ ਉਤਪਾਦ ਤੇ ਕੀਤਾ ਅੰਤਿਮ ਖਰਚ |
| (c)ਉਤਪਾਦ ਵਿਧੀ | (c)ਕਿਸੇ ਨਿਸ਼ਚਿਤ ਵਿਤੀ ਸਾਲ ਦੋਰਾਨ ਉਤਪਾਦਨ ਦੇ ਸਾਧਨਾਂ ਨੂੰ ਕੀਤੇ ਭੁਗਤਾਨ ਦਾ ਜੋੜ |

ਉੱਤਰ:- **a-b, b-c, c-a**

ਪ੍ਰਸ਼ਨ11:-ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਕਰਮਚਾਰੀਆਂ ਦਾ ਮਿਹਨਤਾਨਾ | (a)ਮਜ਼ਦੂਰੀ, ਤਨਖਾਹ, ਮੁਫਤ ਸਹੂਲਤਾਂ, ਸੁਰੱਖਿਆ ਸਕੀਮਾਂ, ਗਰੈਚੂਟੀ |
| (b)ਪਰਿਚਾਲਨ ਬੇਸ਼ੀ | (b)ਸਵੈ ਲੇਖਾ ਕਿਰਤੀਆਂ ਦੀ ਆਮਦਨ |
| (c)ਮਿਸ਼ਰਿਤ ਆਮਦਨ | (c) ਸੰਪਤੀ ਅਤੇ ਉੱਦਮ ਤੋਂ ਹੋਣ ਵਾਲੀ ਆਮਦਨ। |

ਉੱਤਰ:- **a-a, b-c, c-b**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ12:- ਪਾਕਿਸਤਾਨੀ ਕਰਮਚਾਰੀ ਦੀ ਭਾਰਤੀ ਇੰਬੈਸੀ ਵਿੱਚ ਕਮਾਈ ਭਾਰਤੀ ਘਰੇਲੂ ਆਮਦਨ ਹੈ।

ਉੱਤਰ:-ਠੀਕ।

ਪ੍ਰਸ਼ਨ13:- ਆਪਣੇ ਘਰ ਵਿੱਚ ਰਹਿ ਰਹੇ ਮਨੁੱਖ ਦਾ ਆਰੋਪਿਤ ਕਿਰਾਇਆ ਰਾਸ਼ਟਰੀ ਆਮਦਨ ਦਾ ਹਿੱਸਾ ਹੈ।

ਉੱਤਰ:-ਠੀਕ।

ਪ੍ਰਸ਼ਨ14:-ਨਿਰਯਾਤ, ਘਰੇਲੂ ਸਾਧਨ ਆਮਦਨ ਦਾ ਹਿੱਸਾ ਨਹੀਂ ਹੈ।

ਉੱਤਰ:-ਗਲਤ।

ਪ੍ਰਸ਼ਨ15:- ਪੁਰਾਣੀ ਸਾਇਕਲ ਦਾ ਵੇਚ ਮੁੱਲ ਰਾਸ਼ਟਰੀ ਆਮਦਨ ਵਿੱਚ ਸਾਮਿਲ ਹੈ।

ਉੱਤਰ:-ਗਲਤ।

ਪ੍ਰਸ਼ਨ16:-ਦੋਹਰੀ ਗਣਨਾ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਹੈ।

ਉੱਤਰ:-ਗਲਤ।

**ਤਿੰਨ ਅੰਕਾ ਵਾਲੇ ਪ੍ਰਸ਼ਨ**

ਪ੍ਰਸ਼ਨ17:- ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਵਿੱਚ ਅੰਤਰ ਲਿਖੋ?

ਪ੍ਰਸ਼ਨ18:- ਦੋਹਰੀ ਗਣਨਾ ਦੀ ਸਮੱਸਿਆ ਕੀ ਹੈ?

ਪ੍ਰਸ਼ਨ19:-ਕਰਮਚਾਰੀਆਂ ਦੇ ਮਿਹਨਤਾਨੇ ਵਿੱਚ ਕੀ ਕੀ ਸ਼ਾਮਿਲ ਹੁੰਦਾ ਹੈ?

ਪ੍ਰਸ਼ਨ20:- ਪਰਿਚਾਲਨ ਬੇਸ਼ੀ ਤੋਂ ਕੀ ਭਾਵ ਹੈ?

**ਚਾਰ ਅੰਕਾ ਵਾਲੇ ਪ੍ਰਸ਼ਨ**

ਪ੍ਰਸ਼ਨ21:- ਰਾਸ਼ਟਰੀ ਆਮਦਨ ਦੇ ਮਾਪ ਦੀ 'ਆਮਦਨ ਵਿਧੀ' ਦੀ ਵਿਆਖਿਆ ਕਰੋ।

ਪ੍ਰਸ਼ਨ22:-ਰਾਸ਼ਟਰੀ ਆਮਦਨ ਦੇ ਮਾਪ ਦੀ 'ਖਰਚ ਵਿਧੀ' ਦੀ ਵਿਆਖਿਆ ਕਰੋ।

ਪ੍ਰਸ਼ਨ23:- ਰਾਸ਼ਟਰੀ ਆਮਦਨ ਦੇ ਮਾਪ ਦੀ 'ਉਤਪਾਦ ਵਿਧੀ' ਦੀ ਵਿਆਖਿਆ ਕਰੋ।

ਪ੍ਰਸ਼ਨ 24:- ਰਾਸ਼ਟਰੀ ਆਮਦਨ ਲੇਖੇ ਦੀ ਮਹੱਤਤਾ ਦੇ ਕੋਈ ਚਾਰ ਤੱਤ ਲਿਖੋ।

## ਪਾਠ-5

## ਕੁੱਲ ਮੰਗ, ਕੁੱਲ ਪੂਰਤੀ ਅਤੇ ਸਬੰਧਿਤ ਤੱਤ

**ਦੋ ਅੰਕਾਂ ਵਾਲੇ ਪ੍ਰਸ਼ਨ:-**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਕੁੱਲ ਮੰਗ ਬਾਰੇ ਕੀ ਸਹੀ ਹੈ।

(ੳ)ਇਹ ਅਰਥ ਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਕੁੱਲ ਮੰਗ ਹੈ।

(ਅ) ਇਹ ਕੀਮਤ ਪੱਧਰ ਤੇ ਨਿਰਭਰ ਕਰਦੀ ਹੈ।

(ੲ) ਇਹ ਰੁਜ਼ਗਾਰ ਪੱਧਰ ਤੇ ਵੀ ਨਿਰਭਰ ਕਰਦੀ ਹੈ।

(ਸ) ਇਹ ਸਾਰੇ ਤੱਥ ਸਹੀ ਹਨ।

ਉੱਤਰ:- (ਸ) ਇਰ ਸਾਰੇ ਤੱਥ ਸਹੀ ਹਨ।

ਪ੍ਰਸ਼ਨ2:-ਉਪਭੋਗ ਪ੍ਰਵਿਰਤੀ ਦਾ ਅਰਥ ਹੈ।

(ੳ) ਵੱਧ ਉਪਭੋਗ ਦੀ ਪ੍ਰਵਿਰਤੀ

(ਅ) ਉਪਭੋਗ ਦਾ ਆਮਦਨ ਨਾਲ ਅਨੁਪਾਤ

(ੲ) ਆਮਦਨ ਸਤਰ ਜਦੋਂ ਉਪਭੋਗ ਖਰਚ ਅਤੇ ਆਮਦਨ ਸਮਾਨ ਹੋਣ

(ਸ) ਇਹ ਸਾਰੇ ਹੀ।

ਉੱਤਰ:- (ਅ) ਉਪਭੋਗ ਦਾ ਆਮਦਨ ਨਾਲ ਅਨੁਮਾਨ

ਪ੍ਰਸ਼ਨ3:- **MPC** ਕਿਸਦੇ ਸਮਾਨ ਹੈ।

(ੳ) **1+MPC** (ਅ)**1-MPC** (ੲ)**1+APC** (ਸ) **1-APC**

ਉੱਤਰ:- (ਅ)**1-MPC**

ਪ੍ਰਸ਼ਨ4:- ਜੇਕਰ **MPC =0.75** ਹੋਵੇ ਤਾਂ **MPS** ਹੋਵੇਗੀ:

(ੳ) 0.025 **(ਅ)**25 **(ੲ)**0.25 **(ਸ)** 1.75

ਉੱਤਰ:- **(ੲ)** 0.25

ਖਾਲੀ ਥਾਵਾਂ ਭਰੋ:-

ਪ੍ਰਸ਼ਨ5:-**APC+ APS=----------**

ਉੱਤਰ:- 1

ਪ੍ਰਸ਼ਨ6:-**MPC+MPS=-----------**

ਉੱਤਰ:- 1

ਪ੍ਰਸ਼ਨ7:-ਬੱਚਤ ਦੀ ਔਸਤ ਪ੍ਰਵਿਰਤੀ----------ਹੈ।

ਉੱਤਰ:- $\frac{S}{Y}$

ਪ੍ਰਸ਼ਨ8:- ਕੁੱਲ ਬੱਚਤ ਅਤੇ ਕੁੱਲ ਆਮਦਨ ਦੇ ਅਨੁਪਾਤ ਨੂੰ-----ਕਹਿੰਦੇ ਹਨ।

ਉੱਤਰ:- ਬੱਚਤ ਦੀ ਔਸਤ ਪ੍ਰਵਿਰਤੀ।

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਨਿਵੇਸ਼ | (a)ਅਰਥ ਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮੰਗੀ ਗਈ ਕੁੱਲ ਮਾਤਰਾ |
| (b)ਕੁੱਲ ਪੂਰਤੀ | (b)ਲੋੜਾਂ ਦੀ ਸੰਤੁਸ਼ਟੀ ਲਈ ਖਰਚ ਕਰਨਾ |
| (c) ਉਪਭੋਗ | (c) ਪੂੰਜੀਗਤ ਵਸਤੂਆਂ ਵਿੱਚ ਹੋਣ ਵਾਲਾ ਵਾਧਾ |
| (d)ਕੁੱਲ ਮੰਗ | (d)ਅਰਥ ਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਕੀਤੀ ਗਈ ਪੂਰਤੀ ਦੀ ਕੁੱਲ ਮਾਤਰਾ |

ਉੱਤਰ:- **a-c, b-d, c-b,d-a**

ਪ੍ਰਸ਼ਨ10:-ਸਹੀ ਮਿਲਾਨ ਕਰੋ:-

| ੳ | ਅ |
|---|---|
| (a)**APC** | (a)$\frac{\Delta C}{\Delta Y}$ |
| (b)**MPC** | (b) $\frac{\Delta S}{\Delta Y}$ |
| (c)**APS** | (c) $\frac{C}{Y}$ |
| (d)**MPS** | (d) $\frac{S}{Y}$ |

ਉੱਤਰ:- **a-c, b-a, c-d,d-b**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ11:-ਉਪਭੋਗ ਦੀ ਔਸਤ ਪ੍ਰਵਿਰਤੀ ਕਦੇ ਰਿਣ ਨਹੀਂ ਹੁੰਦੀ।

ਉੱਤਰ:- ਠੀਕ

ਪ੍ਰਸ਼ਨ12:- ਬੱਚਤ ਦੀ ਔਸਤ ਪ੍ਰਵਿਰਤੀ ਜ਼ੀਰੋ ਤੋਂ ਘੱਟ ਨਹੀਂ ਹੋ ਸਕਦੀ।

ਉੱਤਰ:- ਗਲਤ

ਪ੍ਰਸ਼ਨ13:- ਦੀਰਘਕਾਲ ਵਿੱਚ ਉਪਭੋਗ ਸਿਰਫ ਆਮਦਨ ਉਪੱਰ ਨਿਰਭਰ ਕਰਦਾ ਹੈ।

ਉੱਤਰ:- ਠੀਕ

ਪ੍ਰਸ਼ਨ14:-ਕੁੱਲ ਪੂਰਤੀ=ਉਪਭੋਗ+ ਨਿਵੇਸ਼

ਉੱਤਰ:- ਗਲਤ

**ਨੋਟ-** 3 **ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ15:- ਔਸਤ ਉਪਭੋਗ ਪ੍ਰਵਿਰਤੀ ਤੇ ਨੋਟ ਲਿਖੋ।

ਪ੍ਰਸ਼ਨ16:-ਸੀਮਾਂਤ ਉਪਭੋਗ ਪ੍ਰਵਿਰਤੀ ਤੇ ਨੋਟ ਲਿਖੋ।

ਪ੍ਰਸ਼ਨ17:-ਜੇਕਰ ਰਾਸ਼ਟਰੀ ਖਰਚਯੋਗ ਆਮਦਨ 1000 ਕਰੋੜ ਰੁਪਏ ਹੋਵੇ ਅਤੇ ਉਪਭੋਗ ਖਰਚ 650 ਕਰੋੜ ਰੁਪਏ ਹੋਵੇ ਤਾਂ **APS** ਪਤਾ ਕਰੋ।

ਪ੍ਰਸ਼ਨ18:- ਵਿਅਕਤੀਗਤ ਪੱਧਰ ਤੇ ਬੱਚਤ ਇੱਕ ਗੁਣ ਹੈ,ਸਮੂਹਿਕ ਪੱਧਰ ਤੇ ਅਜਿਹਾ ਨਹੀਂ ਹੋ ਸਕਦਾ ਹੈ। ਕਿਉਂ?

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ19:- **APS** ਅਤੇ **APC** ਦੇ ਸਬੰਧ ਦਾ ਸਮੀਕਰਣ ਬਣਾਓ।

ਪ੍ਰਸ਼ਨ20:-ਕੁੱਲ ਪੂਰਤੀ ਅਤੇ ਸਾਧਰਨ ਕੀਮਤ ਦੇ ਸਬੰਧਾਂ ਪ੍ਰਤੀ ਕੇਨਜ਼ ਦੇ ਦ੍ਰਿਸ਼ਟੀਕੋਣ ਦੀ ਵਿਆਖਿਆ ਕਰੋ।

ਪ੍ਰਸ਼ਨ 21 ਕੁੱਲ ਮੰਗ ਦੀ ਧਾਰਨਾ ਦੀ ਚਿੱਤਰ ਦੀ ਮਦਦ ਨਾਲ ਵਿਆਖਿਆ ਕਰੋ।

ਪ੍ਰਸ਼ਨ 22:- ਸੁਤੰਤਰ ਨਿਵੇਸ਼ ਅਤੇ ਪ੍ਰਰਿਤ ਨਿਵੇਸ਼ ਤੇ ਨੋਟ ਲਿਖੋ।

# ਪਾਠ-6

## ਰੁਜ਼ਗਾਰ ਅਤੇ ਆਮਦਨ ਦਾ ਨਿਰਧਾਰਣ- ਦੋ ਖੇਤਰੀ ਮਾਡਲ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਅਰਥ ਵਿਵਸਥਾ ਵਿੱਚ ਰੁਜ਼ਗਾਰ ਅਤੇ ਆਮਦਨ ਦਾ ਸੰਤੁਲਨ ਕਦੋਂ ਨਿਰਧਾਰਿਤ ਹੁੰਦਾ ਹੈ।

(ੳ) ਜਦੋਂ ਕੁੱਲ ਮੰਗ ਅਤੇ ਕੁੱਲ ਪੂਰਤੀ ਬਰਾਬਰ ਹੋਣ

(ਅ) ਜਦੋਂ ਕੁੱਲ ਮੰਗ, ਕੁੱਲ ਪੂਰਤੀ ਤੋਂ ਘੱਟ ਹੋਵੇ

(ੲ) ਜਦੋਂ ਕੁੱਲ ਮੰਗ, ਕੁੱਲ ਪੂਰਤੀ ਤੋਂ ਵੱਧ ਹੋਵੇ

(ਸ) ਜਦੋਂ ਕੁੱਲ ਮੰਗ ਅਤੇ ਕੁੱਲ ਪੂਰਤੀ ਸਿਫਰ ਹੋਣ

ਉੱਤਰ:- (ੳ) ਜਦੋਂ ਕੁੱਲ ਮੰਗ ਅਤੇ ਕੁੱਲ ਪੂਰਤੀ ਬਰਾਬਰ ਹੋਣ

ਪ੍ਰਸ਼ਨ2:-ਕਿਹੜੀ ਵਿਚਾਰਧਾਰਾ ਅਰਥ ਵਿਵਸਥਾ ਵਿੱਚ ਸਦਾ ਪੂਰਨ ਰੁਜ਼ਗਾਰ ਸੰਤੁਲਨ ਦੀ ਮੌਜੂਦਗੀ ਦੀ ਵਕਾਲਤ ਕਰਦੀ ਹੈ:-

(ੳ)ਕੇਨਜ਼ ਦੀ ਵਿਚਾਰਧਾਰਾ (ਅ) ਪਰੰਪਰਾਵਾਦੀ ਵਿਚਾਰਧ ਰਾ

(ੲ) ਇਹ ਦੋਵੇਂ ਹੀ (ਸ) ਇਹਨਾਂ ਵਿਚੋਂ ਕੋਈ ਨਹੀਂ

ਉੱਤਰ:- (ਅ) ਪਰੰਪਰਾਵਾਦੀ ਵਿਚਾਰਧਾਰਾ

ਪ੍ਰਸ਼ਨ3:- ਕਿਸ ਨੇ ਕਿਹਾ ਪੂਰਤੀ ਆਪਣੀ ਮੰਗ ਆਪ ਹੀ ਪੈਦਾ ਕਰਦੀ ਹੈ।

(ੳ) ਐਡਮ ਸਮਿੱਥ (ਅ) ਰੋਬਿੰਜ਼ (ੲ)ਜੇ.ਬੀ.ਸੇ. (ਸ)ਇਹਨਾਂ ਵਿੱਚੋਂ ਕਿਸੇ ਨੇ ਨਹੀਂ

ਉੱਤਰ:- (ੲ)ਜੇ.ਬੀ.ਸੇ.

**ਖਾਲੀ ਥਾਵਾਂ ਭਰੋ:-**

ਪ੍ਰਸ਼ਨ4:-ਜੇਕਰ ਕੋਈ ਵਿਅਕਤੀ ਆਪਣੀ ਇੱਛਾ ਦੇ ਵਿਰੁੱਧ ਬੇਰੁਜ਼ਗਾਰ ਹੋਵੇ ਤਾਂ ਇਸ ਸਥਿਤੀਨੂੰ-------------------ਕਿਹਾ ਜਾਂਦਾ ਹੈ।

ਉੱਤਰ:- ਅਣਇਛੁੱਕ ਬੇਰੋਜ਼ਗਾਰੀ

ਪ੍ਰਸ਼ਨ5:- ਕੇਨਜ਼ ਦੇ ਦ੍ਰਿਸ਼ਟੀਕੋਣ ਅਨੁਸਾਰ ਅਰਥ ਵਿਵਸਥਾ ਵਿੱਚ ਆਮ ਤੌਰ ਤੇ--------ਸੰਤੁਲਨ ਪਾਇਆ ਜਾਂਦਾ ਹੈ।

ਉੱਤਰ:-ਅਪੂਰਨ ਰੁਜ਼ਗਾਰ

ਪ੍ਰਸ਼ਨ6:- ਸੰਘਰਸ਼ਾਤਮਕ ਬੇਰੁਜ਼ਗਾਰੀ ਅਰਥ ਵਿਵਸਥਾ ਵਿੱਚਲੇ ---------- ਕਰਕੇ ਪੈਦਾ ਹੁੰਦੀ ਹੈ।

ਉੱਤਰ:-ਸੰਘਰਸ਼ਾਂ

ਪ੍ਰਸ਼ਨ7:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਪੂਰਨ ਰੁਜ਼ਗਾਰ | (a)ਇੱਛਾ ਦੇ ਵਿਰੁੱਧ ਬੇਰੁਜ਼ਗਾਰ |
| (b) ਅਣ ਇੱਛੁਕ ਬੇਰੁਜ਼ਗਾਰ | (b) ਇੱਛਾ ਨਾਲ ਬੇਰੁਜ਼ਗਾਰ |
| (c) ਇੱਛੁਕ ਬੇਰੁਜ਼ਗਾਰ | (c) ਕੋਈ ਵੀ ਵਿਅਕਤੀ ਬੇਰੁਜ਼ਗਾਰ ਨਹੀਂ |
| (d) ਸੰਘਰਸ਼ਤਮਕ ਬੇਰੁਜ਼ਗਾਰੀ | (d)ਅਰਥ ਵਿਵਸਥਾ ਵਿਚਲੇ ਸੰਘਰਸ਼ਾਂ ਕਾਰਨ ਬੇਰੁਜ਼ਗਾਰ |

ਉੱਤਰ:- **a-c, b-a, c-b,d-d**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ8:- ਹਰ ਅਰਥ ਵਿਵਸਥਾ ਹਮੇਸ਼ਾਂ ਸੰਤੁਲਿਤ ਹੁੰਦੀ ਹੈ।

ਉੱਤਰ:-ਗਲਤ

ਪ੍ਰਸ਼ਨ9:- ਅਰਥ ਵਿਵਸਥਾ ਵਿੱਚ ਕੇਵਲ ਪੂਰਨ ਰੁਜ਼ਗਾਰ ਦੀ ਸਥਿਤੀ ਪਾਈ ਜਾਂਦੀ ਹੈ।

ਉੱਤਰ:-ਗਲਤ

ਪ੍ਰਸ਼ਨ10:-ਕੇਨਜ਼ ਅਨੁਸਾਰ ਅਰਥ ਵਿਵਸਥਾ ਵਿੱਚ ਸਰਕਾਰੀ ਦਖਲ ਦਾ ਬਹੁਤ ਮਹੱਤਵ ਹੈ।

ਉੱਤਰ:-ਠੀਕ

ਪ੍ਰਸ਼ਨ11:- ਜੇ.ਬੀ.ਸੇ. ਅਨੁਸਾਰ ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ।

ਉੱਤਰ:-ਠੀਕ

ਪ੍ਰਸ਼ਨ12:- ਲੁਕੀ ਛਿਪੀ ਬੇਰੁਜ਼ਗਾਰੀ ਖੇਤੀ ਖੇਤਰ ਵਿੱਚ ਜ਼ਿਆਦਾ ਪਾਈ ਜਾਂਦੀ ਹੈ।

ਉੱਤਰ:-ਠੀਕ

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ13:-ਪੂਰਨ ਰੁਜ਼ਗਾਰ ਸੰਤੁਲਨ ਤੋਂ ਕੀ ਭਾਵ ਹੈ?

ਪ੍ਰਸ਼ਨ14:-ਲੁਕੀ-ਛੁਪੀ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

ਪ੍ਰਸ਼ਨ15:-ਇੱਛੁਕ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

ਪ੍ਰਸ਼ਨ16:- ਅਣ-ਇੱਛੁਕ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ17:- ਹੇਠ ਲਿਖਿਆਂ ਤੇ ਨੋਟ ਲਿਖੋ।

i. ਸੰਘਰਸ਼ਾਤਮਕ ਬੇਰੁਜ਼ਗਾਰੀ

ii. ਸੰਰਚਨਾਤਮਕ ਬੇਰੁਜ਼ਗਾਰੀ

ਪ੍ਰਸ਼ਨ18:- ਪੂਰਨ ਰੁਜ਼ਗਾਰ ਸੰਤੁਲਨ ਪ੍ਰਤੀ ਪਰੰਪਰਾਵਾਦੀ ਦ੍ਰਿਸ਼ਟੀਕੋਣ ਦੀ ਵਿਆਖਿਆ ਕਰੋ।

ਪ੍ਰਸ਼ਨ19 :- ਪੂਰਨ ਰੁਜ਼ਗਾਰ ਸੰਤੁਲਨ ਪ੍ਰਤੀ ਕੇਨਜ਼ ਦੇ ਦ੍ਰਿਸ਼ਟੀਕੋਣ ਦੀ ਵਿਆਖਿਆ ਕਰੋ।

ਪ੍ਰਸ਼ਨ20:- ਅਤਿ ਪੂਰਨ ਰੁਜ਼ਗਾਰ ਸੰਤੁਲਨ ਦੀ ਸਥਿਤੀ ਦੀ ਵਿਆਖਿਆ ਕਰੋ।

## ਪਾਠ-7

## ਨਿਵੇਸ਼ ਗੁਣਕ ਅਤੇ ਇਸਦੀ ਕਾਰਜ ਵਿਧੀ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਗੁਣਕ ਦਾ ਮੁੱਲ ਕਿਸ ਦੁਆਰਾ ਨਿਸ਼ਚਿਤ ਹੁੰਦਾ ਹੈ।

(ੳ) ਸੀਮਾਂਤ ਉਪਭੋਗ ਪ੍ਰਵਿਰਤੀ (ਅ) ਸੀਮਾਂਤ ਬੱਚਤ ਪ੍ਰਵਿਰਤੀ

(ੲ) ਔਸਤ ਉਪਭੋਗ ਪ੍ਰਵਿਰਤੀ (ਸ) ਇਹਨਾਂ ਵਿਚੋਂ ਕਿਸੇ ਦੁਆਰਾ ਨਹੀਂ

ਉੱਤਰ:- (ੳ) ਸੀਮਾਂਤ ਉਪਭੋਗ ਪ੍ਰਵਿਰਤੀ

ਪ੍ਰਸ਼ਨ2:-ਗੁਣਕ ਅਤੇ **MPC** ਵਿੱਚ ਕਿਸ ਪ੍ਰਕਾਰ ਦਾ ਸੰਬੰਧ ਪਾਇਆ ਜਾਂਦਾ ਹੈ।

(ੳ)ਸਿੱਧਾ (ਅ)ਉਲਟ (ੲ) ਕੋਈ ਸਬੰਧ ਨਹੀਂ (ਸ) ਇਹਨਾਂ ਵਿਚੋਂ ਕੋਈ ਨਹੀਂ

ਉੱਤਰ:- (ੳ)ਸਿੱਧਾ

ਪ੍ਰਸ਼ਨ3:- ਜੇ **MPC**=0.80 ਹੈ ਤਾਂ **K**

(ੳ)8 (ਅ)6 (ੲ)5 (ਸ)3

ਉੱਤਰ:- (ੲ)5

ਪ੍ਰਸ਼ਨ4:-ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ

(ੳ) $K = \frac{DY}{DI}$ (ਅ) $K = \frac{1}{1\text{-}MPC}$

(ੲ) $K = \frac{1}{MPC}$ (ਸ) ਇਹ ਸਾਰੇ

ਉੱਤਰ:- (ਸ)ਇਹ ਸਾਰੇ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ5:-ਜੇ **MPC**=1 ਹੋਵੇ ਤਾਂ ਗੁਣਕ --------ਹੋਵੇਗਾ।

ਉੱਤਰ:- ਅਨੰਤ

ਪ੍ਰਸ਼ਨ6:-ਗੁਣਕ ਦਾ ਮੁੱਲ-----ਉਪੱਰ ਨਿਰਭਰ ਕਰਦਾ ਹੈ।

ਉੱਤਰ:- **MPC** ਜਾਂ **MPS**

ਪ੍ਰਸ਼ਨ7:- ਗੁਣਕ ਅਤੇ ਸੀਮਾਂਤ ਬੱਚਤ ਪ੍ਰਵਿਰਤੀ ਵਿੱਚ—ਸਬੰਧ ਪਾਇਆ ਜਾਂਦਾ ਹੈ।

ਉੱਤਰ:-ਉਲਟ

ਪ੍ਰਸ਼ਨ8:- ਜੇ **MPC=MPS** ਤਾਂ **K=---------**ਹੋਵੇਗਾ।

ਉੱਤਰ:- 2

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਜੇ MPC=0,ਤਾਂ ਗੁਣਕ | (a) **2** |
| (b) ਜੇ MPC=1, ਤਾਂ ਗੁਣਕ | (b)**1** |
| (c) ਜੇ MPC=MPS ਤਾਂ ਗੁਣਕ | (c)ਅਨੰਤ |

ਉੱਤਰ:- **a-b, b-c, c-a**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ10:- ਜਿੰਨੀ **MPS** ਘੱਟ ਹੋਵੇਗੀ ਉਨਾਂ ਹੀ **K** ਘੱਟ ਹੋਵੇਗਾ

ਉੱਤਰ:- ਗਲਤ।

ਪ੍ਰਸ਼ਨ11:-ਨਿਵੇਸ਼ ਵਿੱਚ ਪਰਿਵਰਤਨ ਹੋਣ ਨਾਲ ਆਮਦਨ ਵਿੱਚ ਜਿੰਨੇ ਗੁਣਾ ਪਰਿਵਰਤਨ ਹੁੰਦਾ ਹੈ, ਉਸਨੂੰ ਗੁਣਕ ਕਹਿੰਦੇ ਹਨ।

ਉੱਤਰ:-ਠੀਕ।

ਪ੍ਰਸ਼ਨ12:- **K** ਦਾ ਅਕਾਰ-1 ਅਤੇ +1 ਦੇ ਵਿਚਕਾਰ ਹੁੰਦਾ ਹੈ?

ਉੱਤਰ :- ਗਲਤ

ਪ੍ਰਸ਼ਨ13:- ਜੇ **MPC>MPS** ਤਾਂ **K** ਦਾ ਮੁੱਲ 5 ਤੋਂ ਵੱਧ ਹੋਵੇਗਾ।

ਉੱਤਰ:- ਗਲਤ।

ਪ੍ਰਸ਼ਨ14:-ਨਿਵੇਸ਼ ਗੁਣਾਂਕ ਦਾ ਸੀਮਾਂਤ ਬਚਤ ਪ੍ਰਵਿਰਤੀ ਨਾਲ ਉਲਟ ਸਬੰਧ ਹੈ।

ਉੱਤਰ:- ਠੀਕ।

**ਤਿੰਨ ਅੰਕਾਂ ਵਾਲੇ ਪ੍ਰਸ਼ਨਾਂ**

ਪ੍ਰਸ਼ਨ15:- ਨਿਵੇਸ਼ ਗੁਣਕ ਦਾ ਅਰਥ ਅਤੇ ਪਰਿਭਾਸ਼ਾ ਲਿਖੋ।

ਪ੍ਰਸ਼ਨ16:-ਜੇ **MPS=0.45** ਹੈ ਤਾਂ **K** ਪਤਾ ਕਰੋ।

ਪ੍ਰਸ਼ਨ17:-ਗੁਣਕ ਅਤੇ ਸੀਮਾਂਤ ਬੱਚਤ ਪ੍ਰਵਿਰਤੀ ਦਾ ਸਬੰਧ ਦਰਸਾਓ।

ਪ੍ਰਸ਼ਨ18:- ਕਿਸੇ ਅਰਥ ਵਿਵਸਥਾ ਵਿੱਚ ਰਾਸ਼ਟਰੀ ਆਮਦਨ (y)=2400 ਕਰੋੜ, ਨਿਵੇਸ਼ ਵਿੱਚ ਵਾਧਾ (Δ1)240 ਕਰੋੜ ਰੁਪਏ, ਸੀਮਾਂਤ ਉਪਭੋਗ ਪ੍ਰਵਿਰਤੀ (MPC)=0.6 ਹੈ ਤਾਂ ਆਮਦਨ ਵਿੱਚ ਸੰਭਾਵਿਤ ਵਾਧਾ ਪਤਾ ਕਰੋ?

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ19:- ਗੁਣਕ ਦੀ ਅਨੁਕੂਲ ਕਾਰਜ ਵਿਧੀ ਦੀ ਵਿਆਖਿਆ ਕਰੋ।

ਪ੍ਰਸ਼ਨ20:- ਗੁਣਕ ਦੀ ਪ੍ਰਤੀਕੂਲ ਕਾਰਜ ਵਿਧੀ ਦੀ ਵਿਆਖਿਆ ਕਰੋ।

ਪ੍ਰਸ਼ਨ21:- ਨਿਵੇਸ਼ ਗੁਣਕ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ22:- ਗੁਣਕ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਿੱਚ ਬੀਜ ਗਣਿਤਕ ਸਬੰਧ ਸਥਾਪਿਤ ਕਰੋ।

## ਪਾਠ-8

## ਘੱਟ ਮੰਗ ਅਤੇ ਵਾਧੂ ਮੰਗ ਦੀਆਂ ਸਮੱਸਿਆਵਾਂ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਘੱਟ ਮੰਗ ਦੀ ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ, ਜਦੋਂ

(ੳ)ਕੁੱਲ ਮੰਗ, ਕੁੱਲ ਪੂਰਤੀ ਦੇ ਬਰਾਬਰ ਹੋਵੇ।

(ਅ) ਕੁੱਲ ਮੰਗ, ਕੁੱਲ ਪੂਰਤੀ ਤੋਂ ਵੱਧ ਹੋਵੇ

(ੲ) ਕੁੱਲ ਮੰਗ, ਕੁੱਲ ਪੂਰਤੀ ਤੋਂ ਘੱਟ ਹੋਵੇ

(ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (ੲ) ਕੁੱਲ ਮੰਗ, ਕੁੱਲ ਪੂਰਤੀ ਤੋਂ ਘੱਟ ਹੋਵੇ

ਪ੍ਰਸ਼ਨ2:-ਵੱਧ ਮੰਗ ਦੀ ਸਮੱਸਿਆ, ਕਿਸ ਸਮੱਸਿਆ ਨੂੰ ਜਨਮ ਦਿੰਦੀ ਹੈ।

(ੳ) ਵਿਸਫੀਤਿਕ ਅੰਤਰ (ਅ) ਸਫੀਤਿਕ ਅੰਤਰ

(ੲ) ਮੁਦਰਾ ਅੰਤਰ (ਸ) ਬੱਚਤ ਅੰਤਰ

ਉੱਤਰ:- (ਅ) ਸਫੀਤਿਕ ਅੰਤਰ

ਪ੍ਰਸ਼ਨ3:- ਜਦੋਂ ਕੁੱਲ ਮੰਗ, ਕੁੱਲ ਪੂਰਤੀ ਦੀ ਹਾਲਤ ਤੋਂ ਵੱਧ ਹੋਵੇ ਉਸ ਨੂੰ----------ਕਹਿੰਦੇ ਹਨ।

(ੳ) ਘੱਟ ਮੰਗ (ਅ) ਮੰਦੀ (ੲ) ਵੱਧ ਮੰਗ (ਸ) ਉੱਪਰ ਵਾਲੇ ਸਾਰੇ।

ਉੱਤਰ:- (ੲ) ਵੱਧ ਮੰਗ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ4:- ਵੱਧ ਮੰਗ ਵਿੱਚ **AD**-----**AS** ਹੁੰਦੀ ਹੈ।

ਉੱਤਰ:- >

ਪ੍ਰਸ਼ਨ5:- ਘੱਟ ਮੰਗ------ ਨੂੰ ਜਨਮ ਦਿੰਦੀ ਹੈ।

ਉੱਤਰ:- ਵਿਸਫੀਤਿਕ ਅੰਤਰ

ਪ੍ਰਸ਼ਨ6:- ਘੱਟ ਮੰਗ ਕਰਕੇ ਅਰਥ ਵਿਵਸਥਾ ਵਿੱਚ -----------ਸੰਤੁਲਨ ਨਿਰਧਾਰਿਤ ਹੁੰਦਾ ਹੈ।

ਉੱਤਰ:- ਅਪੂਰਨ ਰੁਜ਼ਗਾਰ

ਪ੍ਰਸ਼ਨ7:- ਸਹੀ ਮਿਲਾਨ ਕਰੋ:-

| ੳ | ਅ |
| --- | --- |
| (a) ਘੱਟ ਮੰਗ ਸਮੇਂ | (a) ਸਫੀਤੀਅੰਤਰ |
| (b) ਵੱਧ ਮੰਗ ਸਮੇਂ | (b) ਵਪਾਰ ਚੱਕਰ |
| (c) ਅਰਥ ਵਿਵਸਥਾ ਦਾ ਉਤਾਰ ਚੜਾਅ | (c) ਵਿਸਫੀਤੀ ਅੰਤਰ |

ਉੱਤਰ:- **a-c, b-a, c-b**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ8:- ਵੱਧ ਮੰਗ ਦਾ ਕਾਰਨ ਵੱਧ ਨਿਰਯਾਤ ਜਾਂ ਵੱਧ ਬੱਚਤਾਂ ਹਨ।

ਉੱਤਰ:-ਗਲਤ

ਪ੍ਰਸ਼ਨ9:- ਸਫੀਤੀ ਅੰਤਰ ਘੱਟ ਮੰਗ ਸਮੇਂ ਹੁੰਦਾ ਹੈ।

ਉੱਤਰ:-ਗਲਤ

ਪ੍ਰਸ਼ਨ10:- ਘੱਟ ਮੰਗ ਸਮੇਂ **AD< AS** ਹੁੰਦੀ ਹੈ।

ਉੱਤਰ:-ਠੀਕ

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ11:- ਘੱਟ ਮੰਗ ਅਤੇ ਵੱਧ ਮੰਗ ਦੀ ਵਿਆਖਿਆ ਕਰੋ।

ਪ੍ਰਸ਼ਨ12:- ਸਫੀਤਿਕ ਅੰਤਰ ਤੇ ਨੋਟ ਲਿਖੋ।

ਪ੍ਰਸ਼ਨ13:- ਵਿਸਫੀਤਿਕ ਅੰਤਰ ਤੇ ਨੋਟ ਲਿਖੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ14:-ਘੱਟ ਮੰਗ ਅਤੇ ਵੱਧ ਮੰਗ ਵਿੱਚ ਅੰਤਰ ਲਿਖੋ।

ਪ੍ਰਸ਼ਨ15:-ਘੱਟ ਮੰਗ ਦੀ ਸਮੱਸਿਆ ਤੇ ਨੋਟ ਲਿਖੋ।

ਪ੍ਰਸ਼ਨ16:- ਵੱਧ ਮੰਗ ਦੀ ਸਮੱਸਿਆ ਤੇ ਨੋਟ ਲਿਖੋ।

ਪਾਠ-9

## ਘੱਟ ਮੰਗ ਅਤੇ ਵਾਧੂ ਮੰਗ ਨੂੰ ਸਹੀ ਕਰਨ ਦੇ ਉਪਾਅ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਇਹਨਾਂ ਵਿੱਚੋਂ ਕਿਹੜਾ ਵੱਧ ਮੰਗ ਕਾਰਨ ਨਹੀਂ ਹੈ।

(ੳ)ਉਪਭੋਗ ਰੁਝਾਨ ਵਿੱਚ ਕਮੀ (ਅ) ਕਰਾਂ ਵਿੱਚ ਕਮੀ

(ੲ) ਨਿਵੇਸ਼ ਵਿੱਚ ਵਾਧਾ (ਸ) ਘਾਟੇ ਦੀ ਵਿੱਤ ਵਿਵਸਥਾ।

ਉੱਤਰ:- (ੳ)ਉਪਭੋਗ ਰੁਝਾਨ ਵਿੱਚ ਕਮੀ

ਪ੍ਰਸ਼ਨ2:-ਹੇਠ ਲਿਖਿਆਂ ਵਿੱਚੋਂ ਕਿਹੜਾ ਰਾਜਕੋਸ਼ੀ ਨੀਤੀ ਦਾ ਔਜ਼ਾਰ ਹੈ।

(ੳ) ਸਰਵਜਨਕ ਕੰਮਾਂ ਲਈ ਖਰਚ (ਅ) ਸਰਵਜਨਕ ਭਲਾਈ

(ੲ) ਸੁਰੱਖਿਆ (ਸ) ਸਾਰੇ।

ਉੱਤਰ:- (ਸ) ਸਾਰੇ।

ਪ੍ਰਸ਼ਨ3:- ਵੱਧ ਮੰਗ ਸਮੇਂ ਕੇਂਦਰੀ ਬੈਂਕ ਲੋੜਾਂ ਵਿੱਚ-------ਕਰਦੀ ਹੈ।

(ੳ)ਵਾਧਾ (ਅ)ਘਾਟਾ (ੲ)ਦੂਰੀ (ਸ)ਕੋਈ ਤਬਦੀਲੀ ਨਹੀਂ

ਉੱਤਰ:- (ੳ)ਵਾਧਾ

ਪ੍ਰਸ਼ਨ4:-ਸਰਕਾਰੀ ਆਮਦਨ ਨਾਲ ਸੰਬੰਧਿਤ ਰਾਜ ਕੋਸ਼ੀ ਉਪਾਅ ਚੁਣੋ।

(ੳ)ਕਰ (ਅ)ਸਰਵਜਨਕ ਕਰਜਾ

(ੲ)ਘਾਟੇ ਦੀ ਵਿੱਤ ਵਿਵਸਥਾ (ਸ)ਸਾਰੇ

ਉੱਤਰ:- (ਸ)ਸਾਰੇ

ਪ੍ਰਸ਼ਨ5:-ਵੱਧ ਮੰਗ ਦੀ ਸਮੱਸਿਆ ਦੇ ਕਾਰਨ ਅਰਥ ਵਿਵਸਥਾ ਵਿੱਚ---ਪੈਂਦੀ ਹੈ।

ਉੱਤਰ:- ਸਫੀਤਿਕ ਅੰਤਰ

ਪ੍ਰਸ਼ਨ6:-ਮੌਦਰਿਕ ਨੀਤੀ ਦਾ ਨਿਯੰਤਰਣ------------ਕਰਦਾ ਹੈ।

ਉੱਤਰ:- ਕੇਂਦਰੀ ਬੈਂਕ

ਪ੍ਰਸ਼ਨ7:- ਵੱਧ ਮੰਗ ਸਮੇਂ ਬੈਂਕ ਦਰ---------ਹੁੰਦੀ ਹੈ।

ਉੱਤਰ:- ਵੱਧ

ਪ੍ਰਸ਼ਨ8:- ਮੰਦੀ, ਸੁਧਾਰ, ਖੁਸ਼ਹਾਲੀ -----ਦੇ ਪੱਖ ਹਨ।

ਉੱਤਰ:- ਵਪਾਰਿਕ ਚੱਕਰ

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
| --- | --- |
| (a)ਮੁਦਰਿਕ ਨੀਤੀ | (a)ਜਿਸ ਦਰ ਤੇ ਕੇਂਦਰੀ ਬੈਂਕ ਵਪਾਰਿਕ ਬੈਂਕ ਨੂੰ ਕਰਜ਼ ਦਿੰਦਾ ਹੈ। |
| (b)ਵਿੱਤੀ ਨੀਤੀ | (b)ਵਪਾਰਿਕ ਬੈਂਕ ਦੁਆਰਾ ਆਪਣੀ ਜਮ੍ਹਾਂ ਰਾਸ਼ੀ ਦਾ ਇੱਕ ਨਿਸ਼ਚਿਤ ਹਿੱਸਾ ਨਕਦੀ ਵਿੱਚ ਰੱਖਣਾ |
| (c)ਬੈਂਕ ਦਰ | (c)ਸਰਕਾਰ ਦੀ ਆਮਦਨ ਅਤੇ ਖਰਚ ਨਾਲ ਸਬੰਧਿਤ ਨੀਤੀ |
| (d) ਤਰਲਤਾ ਅਨੁਪਾਤ | (d) ਕੇਂਦਰੀ ਬੈਂਕ ਦੁਆਰਾ ਵਿਸ਼ੇਸ਼ ਉਦੇਸ਼ਾਂ ਲਈ ਸ਼ਾਖ ਦੀ ਉਪਲਬਧਤਾ ਨੂੰ ਨਿਯੰਤਰਿਤ ਕਰਨਾ |

ਉੱਤਰ:- **a-d, b-c, c-a,d-b**

ਪ੍ਰਸ਼ਨ10:-ਸਹੀ ਮਿਲਾਨ ਕਰੋ:-

| ੳ | ਅ |
| --- | --- |
| (a)ਸਰਕਾਰੀ ਕਰਜ਼ | (a)ਸਰਕਾਰ ਨੂੰ ਨਾਗਰਿਕਾਂ ਤੋਂ ਪ੍ਰਾਪਤ ਆਮਦਨ |
| (b)ਅਨੁਦਾਨ | (b)ਕਾਨੂੰਨੀ ਰੂਪ ਵਿੱਚ ਸਰਕਾਰ ਨੂੰ ਕੀਤਾ ਭੁਗਤਾਨ |
| (c)ਸਰਕਾਰੀ ਆਮਦਨ | (c) ਸਰਕਾਰ ਦੁਆਰਾ ਦਿੱਤੀ ਆਰਥਿਕ ਸਹਾਇਤਾ |
| (d)ਕਰ | (d) ਦੇਸ਼ ਦੀ ਸਰਕਾਰ ਦੁਆਰਾ ਲਿਆ ਜਾਣ ਵਾਲਾ ਕਰਜ਼ |

ਉੱਤਰ:- **a-d, b-c, c-a,d-b**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ11:-ਪ੍ਰਤੱਖ ਕਾਰਵਾਈ, ਰਾਜਕੋਸ਼ੀ ਨੀਤੀ ਦਾ ਹਥਿਆਰ ਹੈ।

ਉੱਤਰ:- ਗਲਤ

ਪ੍ਰਸ਼ਨ12:-ਖੁੱਲ੍ਹੇ ਬਜ਼ਾਰ ਤੋਂ ਪ੍ਰਤੀਭੂਤੀਆਂ ਦੀ ਖਰੀਦ ਵੱਧ ਮੰਗ ਤੇ ਨਿਯੰਤਰਣ ਰੱਖਦੀ ਹੈ।

ਉੱਤਰ:- ਗਲਤ

ਪ੍ਰਸ਼ਨ13:-ਵਿਸਫੀਤੀ ਅੰਤਰ ਘੱਟ ਮੰਗ ਸਮੇਂ ਹੁੰਦਾ ਹੈ।

ਉੱਤਰ:- ਠੀਕ

ਪ੍ਰਸ਼ਨ14:- ਤਰਲਤਾ ਅਨੁਪਾਤ ਵਿੱਚ ਕਮੀ ਕਰਨ ਨਾਲ ਕੁੱਲ ਮੰਗ ਵਿੱਚ ਵਾਧਾ ਹੁੰਦਾ ਹੈ।

ਉੱਤਰ:- ਠੀਕ।

**ਤਿੰਨ ਅੰਕਾਂ ਵਾਲੇ ਪ੍ਰਸ਼ਨ**

ਪ੍ਰਸ਼ਨ15:- ਘੱਟ ਮੰਗ ਨੂੰ ਠੀਕ ਕਰਨ ਲਈ ਮੁਦਰਿਕ ਨੀਤੀ ਦੇ ਅੰਤਰਗਤ ਕੀਤੇ ਜਾਣ ਵਾਲੇ ਕੋਈ ਤਿੰਨ ਮਾਤਰਾਤਮਕ ਉਪਾਅ ਲਿਖੋ।

ਪ੍ਰਸ਼ਨ16:-ਮੁਦਰਿਕ ਨੀਤੀ ਤੇ ਨੋਟ ਲਿਖੋ।

ਪ੍ਰਸ਼ਨ17:-ਵਿੱਤੀ ਨੀਤੀ ਤੇ ਨੋਟ ਲਿਖੋ।

**ਚਾਰ ਅੰਕਾਂ ਵਾਲੇ ਪ੍ਰਸ਼ਨ**

ਪ੍ਰਸ਼ਨ18:- ਖੁਲ੍ਹੇ ਬਜਾਰ ਦੀਆਂ ਕ੍ਰਿਆਵਾਂ ਕਿਸ ਤਰ੍ਹਾਂ ਘੱਟ ਮੰਗ ਅਤੇ ਵੱਧ ਮੰਗ ਦੀ ਸਮੱਸਿਆ ਦਾ ਹੱਲ ਕਰਦੀਆਂ ਹਨ।

ਪ੍ਰਸ਼ਨ19:- ਨਿਊਨਤਮ ਰਾਖਵੇਂ ਅਨੁਪਾਤ ਤੇ ਨੋਟ ਲਿਖੋ।

ਪ੍ਰਸ਼ਨ20:-ਤਰਲਤਾ ਅਨੁਪਾਤ ਤੇ ਨੋਟ ਲਿਖੋ।

ਪ੍ਰਸ਼ਨ 21 ਘਾਟੇ ਦੀ ਵਿੱਤ ਵਿਵਸਥਾ ਤੇ ਨੋਟ ਲਿਖੋ।

## ਪਾਠ-10

## ਮੁਦਰਾ:ਅਰਥ, ਵਿਕਾਸ ਅਤੇ ਕਾਰਜ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਉਸ ਵਸਤੂ ਦਾ ਨਾਂ ਦੱਸੋ, ਜਿਸਨੂੰ ਆਮ ਤੌਰ ਤੇ ਵਟਾਂਦਰੇ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ।

(ੳ) ਮੁਦਰਾ (ਅ)ਪੈਟਰੋਲ

(ੲ)ਧਾਤ (ਸ) ਕਾਗਜ਼

ਉੱਤਰ:- (ੳ) ਮੁਦਰਾ

ਪ੍ਰਸ਼ਨ2:-ਮੁਦਰਾ ਦੇ ਕੰਮ:-

(ੳ)ਵਟਾਂਦਰੇ ਦਾ ਮਾਧਿਅਮ (ਅ) ਮੁੱਲ ਦਾ ਮਾਪ (ੲ) ਮੁੱਲ ਦਾ ਭੰਡਾਰ (ਸ)ਉਪਰੋਕਤ ਸਾਰੇ

ਉੱਤਰ:- (ਸ)ਉਪਰੋਕਤ ਸਾਰੇ

ਪ੍ਰਸ਼ਨ3:-ਇਹਨਾਂ ਵਿਚੋਂ ਕਿਹੜਾ ਮੁਦਰਾ ਦਾ ਅਚਨਚੇਤੀ ਕੰਮ ਹੈ।

(ੳ)ਵਟਾਂਦਰੇ ਦਾ ਮਾਧਿਅਮ (ਅ)ਮੁੱਲ ਦਾ ਭੰਡਾਰ

(ੲ) ਸ਼ਾਖ ਨਿਰਮਾਣ ਦਾ ਅਧਾਰ (ਸ) ਮੁੱਲ ਦਾ ਹਸਤਾਂਤਰਣ

ਉੱਤਰ:- (ੲ) ਸ਼ਾਖ ਨਿਰਮਾਣ ਦਾ ਅਧਾਰ

ਪ੍ਰਸ਼ਨ4:-ਮੁਦਰਾ ਪੂਰਤੀ ਦਾ ਸਭ ਤੋਂ ਸੰਕੁਚਿਤ ਮਾਪ ਕਿਹੜਾ ਹੈ।

(ੳ)$M_1$ **(ਅ)**$M_2$ **(ੲ)**$M_3$ **(ਸ)** $M_4$

ਉੱਤਰ:- (ੳ)$M_1$

ਪ੍ਰਸ਼ਨ5:- ਮੁਦਰਾ ਉਪਰ ਅੰਕਿਤ ਮੁੱਲ ਨੂੰ ਮੁਦਰਾ ਦਾ -----ਕਿਹਾ ਜਾਂਦਾ ਹੈ।

ਉੱਤਰ:- ਬਾਹਰੀ ਮੁੱਲ

ਪ੍ਰਸ਼ਨ6:- ਮੁਦਰਾ ਦੀ ਸੰਕੁਚਿਤ ਪਰਿਭਾਸ਼ਾ ਅਨੁਸਾਰ ਮੁਦਰਾ-------ਅਤੇ---------ਦਾ ਜੋੜ ਹੈ।

ਉੱਤਰ:- ਕਰੰਸੀ, ਮੰਗ ਜਮ੍ਹਾਂ

ਪ੍ਰਸ਼ਨ7:- ਵਸਤੂ ਵਟਾਂਦਰਾ ਦਾ ਅਰਥ------ਦਾ------ਨਾਲ ਵਟਾਂਦਰਾ ਹੈ।

ਉੱਤਰ:-ਵਸਤੂ,ਵਸਤੂ

ਪ੍ਰਸ਼ਨ8:- ਮੁਦਰਾ ਪੂਰਤੀ ਦਾ ਸਭ ਤੋਂ ਵਿਸਤ੍ਰਿਤ ਮਾਪ ----------ਹੈ।

ਉੱਤਰ:$M_4$

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਧਾਤੂ ਮੁਦਰਾ | (a)ਬੈਂਕਾਂ ਅਤੇ ਡਾਕਖਾਨਿਆ ਦੇ ਬੱਚਤ ਜਮ੍ਹਾਂ |
| (b)ਕਾਰਜ਼ੀ ਮੁਦਰਾ | (b)ਸੋਨੇ, ਚਾਂਦੀ ਦੇ ਸਿੱਕੇ |
| (c) ਸ਼ਾਖ ਮੁਦਰਾ | (c) ਨੋਟ |
| (d)ਨਿਕਟ ਮੁਦਰਾ | (d) ਚੈੱਕ, ਡਰਾਫਟ |

ਉੱਤਰ:- **a-b, b-c, c-d,d-a**

ਪ੍ਰਸ਼ਨ10:-ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਵਸਤੂ ਵਟਾਂਦਰਾ ਪ੍ਰਣਾਲੀ | (a)ਕਿਸੇ ਵੀ ਨੋਟ ਜਾਂ ਸਿੱਕੇ ਦੇ ਵਸਤੂ ਦੇ ਰੂਪ ਵਿੱਚ ਮੁੱਲ |
| (b)ਮੁਦਰਿਕ ਵਟਾਂਦਰਾ ਪ੍ਰਣਾਲੀ | (b) ਵਸਤੂ ਦਾ ਵਸਤੂ ਨਾਲ ਵਟਾਂਦਰਾ |
| (c) ਮੁਦਰਾ ਦਾ ਬਾਹਰੀ ਮੁੱਲ | (c) ਵਸਤੂ ਅਤੇ ਸੇਵਾਵਾਂ ਦਾ ਮੁਦਰਾ ਨਾਲ ਵਟਾਂਦਰਾ |
| (d)ਮੁੱਦਰਾ ਦਾ ਵਸਤਵਿਕ ਮੁੱਲ | (d) ਅੰਕਿਤ ਮੁੱਲ |

ਉੱਤਰ:- **a-b, b-c, c-d,d-a**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ11:-ਮੁਦਰਾ ਦਾ ਮੂਲ ਕੰਮ ਵਟਾਂਦਰੇ ਦਾ ਮਾਧਿਅਮ ਹੈ।

ਉੱਤਰ:- ਠੀਕ

ਪ੍ਰਸ਼ਨ12:- ਮੁਦਰਾ ਦੋਹਰੇ ਸੰਜੋਗ ਦੀ ਸਮੱਸਿਆ ਦਾ ਹੱਲ ਕਰਦੀ ਹੈ।

ਉੱਤਰ:- ਠੀਕ

ਪ੍ਰਸ਼ਨ13:- ਨਿਕਟ ਮੁਦਰਾ ਨੂੰ ਪਲਾਸਟਿਕ ਮੁਦਰਾ ਵੀ ਕਿਹਾ ਜਾਂਦਾ ਹੈ।

ਉੱਤਰ:- ਗਲਤ

ਪ੍ਰਸ਼ਨ14:-ਨਕਦੀ ਅਤੇ ਸਿੱਕਿਆਂ ਨੂੰ ਬੈਂਕ ਮੁਦਰਾ ਵੀ ਕਿਹਾ ਜਾਂਦਾ ਹੈ।

ਉੱਤਰ:- ਗਲਤ

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ15:- ਵਸਤੂ ਵਟਾਂਦਰਾ ਪ੍ਣਾਲੀ ਤੇ ਨੋਟ ਲਿਖੋ।

ਪ੍ਰਸ਼ਨ16:-ਵਧੀਆ ਮੁਦਰਾ ਦੇ ਗੁਣ ਦੱਸੋ।

ਪ੍ਰਸ਼ਨ17:-ਵਸਤੂ ਵਟਾਂਦਰਾ ਪ੍ਣਾਲੀ ਦੀਆਂ ਕਮੀਆਂ ਲਿਖੋ।

ਪ੍ਰਸ਼ਨ18:- ਮੁਦਰਾ ਦੀ ਸੰਕੁਚਿਤ ਪਰਿਭਾਸ਼ ਲਿਖੋ।

ਪ੍ਰਸ਼ਨ19:-ਮੁਦਰਾ ਦੀ ਵਿਸ੍ਰਿਤਿਤ ਪਰਿਭਾਸ਼ਾ ਲਿਖੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ20:-ਮੁਦਰਾ ਦੇ ਮੁਢਲੇ ਕੰਮਾਂ ਦੀ ਵਿਆਖਿਆ ਕਰੋ।

ਪ੍ਰਸ਼ਨ21:- ਭਾਰਤੀ ਮੁਦਰਿਕ ਪ੍ਣਾਲੀ ਤੇ ਨੋਟ ਲਿਖੋ।

ਪ੍ਰਸ਼ਨ22:-ਸੰਕੁਚਿਤ ਅਤੇ ਵਿਸਤ੍ਰਿਤ ਮੁਦਰਾ ਵਿੱਚ ਅੰਤਰ ਲਿਖੋ।

ਪ੍ਰਸ਼ਨ 23 ਮੁਦਰਾ ਦੀਆਂ ਕਿਸਮਾਂ ਦਾ ਵਰਗੀਕਰਨ ਕਰੋ।

## ਪਾਠ-11

## ਕੇਂਦਰੀ ਬੈਂਕ ਅਤੇ ਵਪਾਰਿਕ ਬੈਂਕ ਅਰਥ ਅਤੇ ਕਾਰਜ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਇੱਕ ਵਿੱਤੀ ਸੰਸਥਾ ਜੋ ਮੁਦਰਾ ਅਤੇ ਸ਼ਾਖ ਨਾਲ ਸਬੰਧ ਰੱਖਦੀ ਹੈ:

(ੳ)ਮੁਦਰਾ ਇੱਕਠਾ ਕਰਨ ਵਾਲਾ ਕੇਂਦਰ (ਅ) ਡਾਕਖਾਨਾ

(ੲ) ਵਪਾਰਿਕ ਬੈਂਕ (ਸ) ਸਾਰੇ ਹੀ।

ਉੱਤਰ:- (ੲ) ਵਪਾਰਿਕ ਬੈਂਕ

ਪ੍ਰਸ਼ਨ2:-ਸ਼ਾਖ ਨਿਰਮਾਣ ਕੋਣ ਕਰਦਾ ਹੈ:

(ੳ)ਵਪਾਰਿਕ ਬੈਂਕ (ਅ)ਕੇਂਦਰੀ ਬੈਂਕ

(ੲ)ੳ ਅਤੇ ਅ ਦੋਵੇ (ਸ)ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (ੳ)ਵਪਾਰਿਕ ਬੈਂਕ

ਪ੍ਰਸ਼ਨ3:-ਭਾਰਤ ਦੇ ਕੇਂਦਰੀ ਬੈਂਕ ਦਾ ਨਾਮ ਲਿਖੋ:

(ੳ)ਇੰਪੀਰੀਅਲ ਬੈਂਕ (ਅ)ਰਿਜ਼ਰਵ ਬੈਂਕ ਆਫ ਇੰਡੀਆ

(ੲ) ਸਟੇਟ ਬੈਂਕ ਆਫ ਇੰਡੀਆ (ਸ) ਸਾਰੇ ਹੀ।

ਉੱਤਰ:- (ਅ)ਰਿਜ਼ਰਵ ਬੈਂਕ ਆਫ ਇੰਡੀਆ

ਪ੍ਰਸ਼ਨ4:-ਕਿਹੜਾ ਕੇਂਦਰੀ ਬੈਂਕ ਦਾ ਕਾਰਜ ਨਹੀ ਹੈ:

(ੳ)ਜਨਤਾ ਤੋਂ ਜਮ੍ਹਾਂ ਪ੍ਰਾਪਤੀ (ਅ)ਨੋਟ ਜਾਰੀ ਕਰਨਾ

(ੲ)ਬੈਂਕਾਂ ਦਾ ਬੈਂਕ (ਸ)ਅੰਤਿਮ ਰਿਣਦਾਤਾ

ਉੱਤਰ:- (ੳ)ਜਨਤਾ ਤੋਂ ਜਮ੍ਹਾਂ ਪ੍ਰਾਪਤੀ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ5:- ਭਾਰਤ ਵਿੱਚ ਵਪਾਰਿਕ ਬੈਂਕ ਦਾ ਰਾਸ਼ਟਰੀਕਰਨ ਸੰਨ------ਤੇ-----ਵਿੱਚ ਕੀਤਾ ਗਿਆ ਸੀ।

ਉੱਤਰ:-1969,1980

ਪ੍ਰਸ਼ਨ6:------ਦੇਸ਼ ਦੀ ਸਰਕਾਰ ਦਾ ਬੈਂਕ ਹੁੰਦਾ ਹੈ।

ਉੱਤਰ:- ਕੇਂਦਰੀ ਬੈਂਕ

ਪ੍ਰਸ਼ਨ7:- ਬੈਂਕ ਦਰ ਇੱਕ ------ਯੰਤਰ ਹੈ।

ਉੱਤਰ:-ਮਾਤਰਾਤਮਕ

ਪ੍ਰਸ਼ਨ8:- ਕੇਂਦਰੀ ਬੈਂਕ ਦਾ----ਤੇ ਏਕਾਧਿਕਾਰ ਹੈ।

ਉੱਤਰ:- ਨੋਟ ਛਾਪਣ

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a)ਵਪਾਰਿਕ ਬੈਂਕ ਦਾ ਮੁੱਢਲਾ ਕਾਰਜ | (a)ਪ੍ਰਤੀਭੂਤੀਆਂ ਦੀ ਖਰੀਦ ਵੇਚ |
| (b) ਵਪਾਰਿਕ ਬੈਂਕ ਦਾ ਗੌਣ ਕਾਰਜ | (b)ਪੂੰਜੀ ਨਿਰਮਾਣ |
| (c) ਵਪਾਰਿਕ ਬੈਂਕ ਦਾ ਆਰਥਿਕ ਵਿਕਾਸ ਸਬੰਧੀ ਕਾਰਜ | (c) ਜਮ੍ਹਾਂ ਸਵੀਕਾਰ ਕਰਨਾ |

ਉੱਤਰ:- **a-c, b-a, c-b**

**ਠੀਕ ਜਾਂ ਗਲਤ ਕਥਨ**

ਪ੍ਰਸ਼ਨ10:-ਸਾਰੇ ਨੋਟ ਰਿਜ਼ਰਵ ਬੈਂਕ ਜਾਰੀ ਕਰਦਾ ਹੈ।

ਉੱਤਰ:-ਗਲਤ

ਪ੍ਰਸ਼ਨ11:-ਸ਼ਾਖ ਨਿਰਮਾਣ ਮੁੱਖ ਤੌਰ ਤੇ ਵਪਾਰਿਕ ਬੈਂਕ ਦੁਆਰਾ ਕੀਤਾ ਜਾਂਦਾ ਹੈ।

ਉੱਤਰ:-ਠੀਕ

ਪ੍ਰਸ਼ਨ12:- ਵਪਾਰਿਕ ਬੈਂਕ ਦਾ ਮੁੱਖ ਮੰਤਵ ਲਾਭ ਕਮਾਉਣਾ ਹੈ।

ਉੱਤਰ:-ਠੀਕ

ਪ੍ਰਸ਼ਨ13:- ਕੇਂਦਰੀ ਬੈਂਕ ਲੋਕਾਂ ਨਾਲ ਲੈਣ-ਦੇਣ ਕਰ ਸਕਦਾ ਹੈ।

ਉੱਤਰ:-ਗਲਤ

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ14:-ਕੇਂਦਰੀ ਬੈਂਕ ਤੇ ਸੰਖੇਪ ਨੋਟ ਲਿਖੋ।

ਪ੍ਰਸ਼ਨ15:-ਈ-ਬੈਕਿੰਗ ਦੀਆਂ ਮੁੱਖ ਸਹੂਲਤਾ ਲਿਖੋ।

ਪ੍ਰਸ਼ਨ16:-ਕੇਂਦਰੀ ਬੈਂਕ ਦੇ ਮੁੱਢਲੇ ਕੰਮ ਲਿਖੋ।

ਪ੍ਰਸ਼ਨ17:-ਵਪਾਰਿਕ ਬੈਂਕਾਂ ਦੇ ਗੌਣ ਕਾਰਜਾਂ ਦੀ ਵਿਆਖਿਆ ਕਰੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ18:- ਕੇਂਦਰੀ ਬੈਂਕ ਅਤੇ ਵਪਾਰਕ ਬੈਂਕ ਵਿੱਚ ਅੰਤਰ ਲਿਖੋ।

ਪ੍ਰਸ਼ਨ19:- ਭਾਰਤੀ ਬੈਂਕਿੰਗ ਪ੍ਰਣਾਲੀ ਵਿੱਚ ਹੋਏ ਸੁਧਾਰਾਂ ਤੇ ਨੋਟ ਲਿਖੋ।

ਪ੍ਰਸ਼ਨ20:-ਵਿਦੇਸ਼ੀ ਬੈਂਕਾਂ ਦੇ ਕਾਰਜ਼ਾਂ ਦੀ ਸੰਖੇਪ ਵਿਆਖਿਆ ਕਰੋ।

ਪ੍ਰਸ਼ਨ21:- ਕੋਈ ਅੱਠ ਨਿੱਜੀ ਬੈਂਕਾਂ ਦੇ ਨਾਮ ਲਿਖੋ।

## ਪਾਠ-12

## ਸਰਕਾਰੀ ਬਜਟ ਅਤੇ ਅਰਥ ਵਿਵਸਥਾ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ 1:- ਹੇਠ ਲਿਖਿਆ ਵਿੱਚੋਂ ਰਾਜਸਵ ਦਾ ਸਾਧਨ ਕਿਹੜਾ ਹੈ:

(ੳ)ਵਿਅਕਤੀਗਤ ਆਮਦਨ ਕਰ (ਅ) ਨਿਗਮ ਕਰ

(ੲ) ਸ਼ੁਲਕ ਕਰ (ਸ) ਸਾਰੇ

ਉੱਤਰ:- (ਸ) ਸਾਰੇ

ਪ੍ਰਸ਼ਨ2:-ਹੇਠ ਲਿਖਿਆ ਵਿੱਚੋਂ ਕਿਹੜੀ ਸਰਕਾਰ ਦੀ ਕਰ ਪ੍ਰਾਪਤੀ ਨਹੀ ਹੈ

(ੳ)ਆਮਦਨ ਕਰ (ਅ)ਉਤਪਾਦਨ ਕਰ

(ੲ) ਨਿਗਮ ਕਰ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (ਸ) ਇਹਨਾਂ ਵਿੱਚੋਂ ਕੋਈ ਨਹੀਂ

ਪ੍ਰਸ਼ਨ3:- ਜਦੋਂ ਬਜਟ ਖਰਚ ਬਜਟ ਪ੍ਰਾਪਤੀਆਂ ਤੋਂ ਵੱਧ ਜਾਵੇ ਤਾਂ ਇਸ ਅਵਸਥਾ ਨੂੰ ਕੀ ਕਹਿੰਦੇ ਹਨ:

(ੳ)ਆਮਦਨ ਘਾਟਾ (ਅ) ਵਿੱਤੀ ਘਾਟਾ (ੲ)ਬਜਟ ਘਾਟਾ (ਸ) ਉਪਰੋਕਤ ਸਾਰੇ

ਉੱਤਰ:- (ੲ)ਬਜਟ ਘਾਟਾ

ਪ੍ਰਸ਼ਨ4:- ਰਾਜਸਵ ਖਰਚ ਦਾ ਰਾਜਸਵ ਪ੍ਰਾਪਤੀਆਂ ਤੋਂ ਵੱਧਣਾ ਕੀ ਹੈ?

(ੳ) ਰਾਜਸਵ ਘਾਟਾ (ਅ) ਰਾਜਕੋਸ਼ੀ ਘਾਟਾ

(ੲ) ਬਜਟ ਘਾਟਾ (ਸ) ਬਜਟ ਪ੍ਰਾਪਤੀ

ਉੱਤਰ:- (ੳ) ਰਾਜਸਵ ਘਾਟਾ

**ਖਾਲੀ ਥਾਵਾਂ ਭਰੋ:**

ਪ੍ਰਸ਼ਨ5:-ਬਜਟ ਅਨੁਮਾਨਤ ਅਤੇ ਅਨੁਮਾਨਤ--------ਦਾ ਵਿਵਰਣ ਹੈ।

ਉੱਤਰ:-ਆਮਦਨ,ਖਰਚ

ਪ੍ਰਸ਼ਨ6:- ਸਰਕਾਰ ਦੁਆਰਾ ਲਿਆ ਕਰਜ਼ਾ ਇੱਕ---ਪ੍ਰਾਪਤੀ ਹੈ।

ਉੱਤਰ:-ਪੂੰਜੀਗਤ।

ਪ੍ਰਸ਼ਨ7:- ਆਮਦਨ ਕਰ ਇੱਕ----------ਕਰ ਹੈ।

ਉੱਤਰ:-ਪ੍ਰੱਤਖ

ਪ੍ਰਸ਼ਨ8:- ਲਵਾਰਸ ਸੰਪਤੀ----ਆਮਦਨ ਹੈ।

ਉੱਤਰ:-ਗੈਰ ਕਰ

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਆਮਦਨ ਘਾਟਾ | (a) ਬਜਟ ਖਰਚ – ਉਧਾਰ ਤੋਂ ਇਲਾਵਾ ਪ੍ਰਾਪਤੀਆਂ |
| (b) ਵਿੱਤੀ ਘਾਟਾ | (b) ਵਿੱਤੀ ਘਾਟਾ – ਵਿਆਜ ਦਾ ਭੁਗਤਾਨ |
| (c) ਮੁੱਢਲਾ ਘਾਟਾ | (c) ਆਮਦਨ ਖਰਚ – ਆਮਦਨ ਪ੍ਰਾਪਤੀਆਂ |

ਉੱਤਰ:- a-c,b-a,c-b

ਪ੍ਰਸ਼ਨ10:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਪ੍ਰਗਤੀਸ਼ੀਲ ਕਰ | (a) ਜਿਸ ਦੀ ਦਰ ਕਰ ਦੇ ਆਧਾਰ ਵਿੱਚ ਵਾਧਾ ਹੋਣ ਨਾਲ ਵੱਧਦੀ ਜਾਵੇ। |
| (b) ਪ੍ਰਤੀਗਾਮੀ ਕਰ | (b) ਕੀਮਤ ਅਧਾਰਿਤ ਕਰ। |
| (c) ਅਨੁਪਾਤਿਕ ਕਰ | (c) ਵਸਤੂ ਦੀ ਸੰਖਿਆ, ਆਕਾਰ ਜਾਂ ਭਾਰ ਅਨੁਸਾਰ ਕਰ |
| (d) ਵਜਨ ਅਧਾਰਿਤ ਕਰ | (d) ਜਿਸਦੀ ਦਰ ਵਿੱਚ ਕਰਦੇ ਅਧਾਰ ਵਿੱਚ ਵਾਧਾ ਹੋਣ ਨਾਲ ਕਮੀ ਹੁੰਦੀ ਹੈ। |
| (e)ਮੁੱਲ ਵਾਧਾ ਕਰ | (e) ਕਰ ਦੀ ਦਰ ਹਰ ਪੱਧਰ ਤੇ ਸਮਾਨ ਰਹੇ। |

ਉੱਤਰ:- a-a,b-d,c-e,d-c,e-b

**ਠੀਕ ਅਤੇ ਗਲਤ ਕਥਨ**

ਪ੍ਰਸ਼ਨ11:- ਬਜਟ ਖਰਚ ਆਮਦਨ ਖਰਚ ਅਤੇ ਪੂੰਜੀਗਤ ਖਰਚ ਦਾ ਅੰਤਰ ਹੈ।

ਉੱਤਰ:- ਗਲਤ।

ਪ੍ਰਸ਼ਨ12:- ਸਰਕਾਰ ਦੇ ਬਜਟ ਦੇ ਦੋ ਅੰਗ ਹਨ- ਆਮਦਨ ਬਜਟ ਤੇ ਪੂੰਜੀਗਤ ਬਜਟ

ਉੱਤਰ:- ਠੀਕ।

ਪ੍ਰਸ਼ਨ13:- ਆਮਦਨ ਕਰ, ਪ੍ਰਤੱਖ ਕਰ ਹੈ।

ਉੱਤਰ:-ਠੀਕ।

ਪ੍ਰਸ਼ਨ14:- ਸਰਕਾਰੀ ਕਰਮਚਾਰੀਆਂ ਦੀ ਤਨਖਾਹ ਪੂੰਜੀਗਤ ਖਰਚ ਹੈ।

ਉੱਤਰ:-ਗਲਤ।

**ਤਿੰਨ ਅੰਕਾਂ ਵਾਲੇ ਪ੍ਰਸ਼ਨ**

ਪ੍ਰਸ਼ਨ15:- ਸਰਕਾਰੀ ਬਜਟ ਦੀ ਪਰਿਭਾਸ਼ਾ ਲਿਖੋ।

ਪ੍ਰਸ਼ਨ16ਸਰਕਾਰੀ ਬਜਟ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ17:- ਬਜਟ ਪ੍ਰਾਪਤੀਆਂ ਕੀ ਹਨ?

ਪ੍ਰਸ਼ਨ18:-ਪੂੰਜੀਗਤ ਪ੍ਰਾਪਤੀਆਂ ਕੀ ਹਨ?

**ਚਾਰ ਅੰਕਾਂ ਵਾਲੇ ਪ੍ਰਸ਼ਨ**

ਪ੍ਰਸ਼ਨ19:- ਕਰ ਕੀ ਹੈ? ਇਸਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ20:- ਪ੍ਰਤੀਗਾਮੀ ਅਤੇ ਪ੍ਰਗਤੀਸ਼ੀਲ ਕਰ ਵਿੱਚ ਅੰਤਰ ਲਿਖੋ।

ਪ੍ਰਸ਼ਨ21:-ਵਜਨ ਅਧਾਰਿਤ ਕਰ ਅਤੇ ਮੁੱਲ ਵਾਧਾ ਕਰ ਦੀ ਵਿਆਖਿਆ ਕਰੋ।

ਪ੍ਰਸ਼ਨ22:- ਵਿਕਾਸੀ ਖਰਚ ਅਤੇ ਗੈਰ ਵਿਕਾਸੀ ਖਰਚ ਵਿੱਤ ਅੰਤਰ ਲਿਖੋ।

ਪ੍ਰਸ਼ਨ 23:- ਰਾਜਸਵ ਖਰਚ ਅਤੇ ਪੂੰਜੀਗਤ ਖਰਚ ਵਿੱਚ ਅੰਤਰ ਲਿਖੋ।

## ਪਾਠ-13

## ਵਿਦੇਸ਼ੀ ਵਟਾਂਦਰਾ ਦਰ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ1:- ਬਾਹਰਲੇ ਦੇਸ਼ ਦੀ ਮੁਦਰਾ ਨੂੰ ਕੀ ਕਿਹਾ ਜਾਂਦਾ ਹੈ?

(ੳ) ਨਕਦੀ (ਅ) ਵਿਦੇਸ਼ੀ ਮੁਦਰਾ

(ੲ) ਪੈਸਾ (ਸ) ਉਪਰੋਕਤ ਸਾਰੇ

ਉੱਤਰ:- (ਅ) ਵਿਦੇਸ਼ੀ ਮੁਦਰਾ

ਪ੍ਰਸ਼ਨ2:- ਹੇਠ ਲਿਖਿਆਂ ਵਿੱਚੋਂ ਕਿਹੜੀ ਸਥਿਰ ਵਟਾਂਦਰਾ ਦਰ ਪ੍ਰਣਾਲੀ ਦੀ ਕਿਸਮ ਹੈ:

(ੳ) ਸੋਨਾਮਾਨ ਪ੍ਰਣਾਲੀ (ਅ) ਤਤਕਾਲ ਦਰ

(ੲ) ਫਾਰਵਰਡ ਦਰ (ਸ) ਉਪਰੋਕਤ ਸਾਰੇ।

ਉੱਤਰ:- (ੳ) ਸੋਨਾਮਾਨ ਪ੍ਰਣਾਲੀ

ਪ੍ਰਸ਼ਨ3:- ਦੋ ਦੇਸ਼ਾਂ ਦੀ ਮੁਦਰਾ ਦੇ ਵਟਾਂਦਰਾ ਮੁੱਲ ਨੂੰ-------ਦਰ ਕਿਹਾ ਜਾਂਦਾ ਹੈ।

(ੳ) ਕਰੰਸੀ ਦਰ (ਅ) ਵਿਦੇਸ਼ੀ ਵਟਾਂਦਰਾ

(ੲ) ਵਟਾਂਦਰਾ ਨੀਤੀ (ਸ) ਵਿਦੇਸ਼ੀ ਨੀਤੀ

ਉੱਤਰ:- (ਅ) ਵਿਦੇਸ਼ੀ ਵਟਾਂਦਰਾ

ਪ੍ਰਸ਼ਨ4:- ਜੇਕਰ ਵਟਾਂਦਰਾ ਦਰ ਮੰਗ ਅਤੇ ਪੂਰਤੀ ਤੇ ਅਧਾਰਿਤ ਹੋਵੇ ਤਾਂ ਇਸਨੂੰ ਕਿਸ ਪ੍ਰਕਾਰ ਦੀ ਵਟਾਂਦਰਾ ਦਰ ਕਿਹਾ ਜਾਂਦਾ ਹੈ।

(ੳ) ਲਚਕਦਾਰ ਵਟਾਂਦਰਾ (ਅ) ਸਥਿਰ ਵਟਾਂਦਰਾ ਦਰ

(ੲ) ਪਰਿਵਰਤਨਸ਼ੀਲ ਵਟਾਂਦਰਾ ਦਰ (ਸ) ਸਥਗਿਤ ਵਟਾਂਦਰਾ ਦਰ

ਉੱਤਰ:- (ੳ) ਲਚਕਦਾਰ ਵਟਾਂਦਰਾ

**ਖਾਲੀ ਥਾਵਾਂ ਭਰੋ:**

ਪ੍ਰਸ਼ਨ5:-ਜੇ ਆਯਾਤ ਵਧਦਾ ਹੈ ਤਾਂ ਵਿਦੇਸ਼ੀ ਮੁਦਰਾ ਦੀ ਮੰਗ---------------ਹੈ।

ਉੱਤਰ:-ਵਧਦੀ

ਪ੍ਰਸ਼ਨ6:- ਸਥਿਰ ਵਟਾਂਦਰਾ ਦਰ---ਦੁਆਰਾ ਮਿੱਥੀ ਜਾਂਦੀ ਹੈ।

ਉੱਤਰ:-ਸਰਕਾਰ

ਪ੍ਰਸ਼ਨ7:- --------ਵਟਾਂਦਰਾ ਦਰ ਉਪਰ ਕਿਸੇ ਤਰ੍ਹਾਂ ਦੇ ਨਿਯੰਤਰਨ ਦੀ ਲੋੜ ਨਹੀਂ ਹੁੰਦੀ ਹੈ।

ਉੱਤਰ:-ਲਚਕਦਾਰ

ਪ੍ਰਸ਼ਨ8:- ਵਰਤਮਾਨ ਵਿੱਚ ਬਹੁਤੇ ਦੇਸ਼ਾਂ ਵਿੱਚ-------ਵਟਾਂਦਰਾ ਦਰ ਪਾਈ ਜਾਂਦੀ ਹੈ।

ਉੱਤਰ:- ਲਚਕਦਾਰ

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਸਥਿਰ ਵਟਾਂਦਰਾ ਦਰ | (a) ਜਿੱਥੇ ਵਿਦੇਸ਼ੀ ਮੁਦਰਾ ਦੀ ਮੰਗ ਅਤੇ ਪੂਰਤੀ ਬਰਾਬਰ ਹੋਣ। |
| (b) ਲਚਕਦਾਰ ਵਟਾਂਦਰਾ ਦਰ | (b) ਹਮੇਸ਼ਾ ਸਥਿਰ ਰਹਿਣ ਵਾਲੀ ਦਰ |
| (c) ਸੰਤੁਲਿਤ ਵਟਾਂਦਰਾ ਦਰ | (c) ਇਹ ਬਜ਼ਾਰ ਸ਼ਕਤੀਆਂ ਦੁਆਰਾ ਨਿਰਧਾਰਿਤ ਹੁੰਦੀ ਹੈ। |

ਉੱਤਰ:- a-b,b-c,c-a

ਪ੍ਰਸ਼ਨ10:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਵਿਦੇਸ਼ੀ ਮੁਦਰਾ ਬਜ਼ਾਰ | (a) ਜਦੋਂ ਭਵਿੱਖ ਵਿੱਚ ਵਿਦੇਸ਼ੀ ਮੁਦਰਾ ਦਾ ਲੈਣ ਦੇਣ ਨਿਸ਼ਚਿਤ ਹੋਵੇ |
| (b) ਹਾਜਿਰ ਬਜ਼ਾਰ | (b) ਜਿੱਥੇ ਵਿਦੇਸ਼ੀ ਮੁਦਰਾ ਦਾ ਲੈਣ ਦੇਣ ਕੀਤਾ ਜਾਵੇ। |
| (c) ਵਾਅਦਾ ਬਜ਼ਾਰ | (c) ਜਦੋਂ ਵਰਤਮਾਨ ਮੁਦਰਾ ਸਮੇਂ ਵਿੱਚ ਵਿਦੇਸ਼ੀ ਮੁਦਰਾ ਦਾ ਲੈਣ ਦੇਣ ਨਿਸ਼ਚਿਤ ਹੋਵੇ। |

ਉੱਤਰ:- a-b,b-c,c-a

**ਠੀਕ ਅਤੇ ਗਲਤ ਕਥਨ:**

ਪ੍ਰਸ਼ਨ11:- ਸਥਿਰ ਵਟਾਂਦਰਾ ਦਰ ਸੱਟੇਬਾਜ਼ੀ ਨੂੰ ਉਤਸ਼ਾਹਿਤ ਕਰਦੀ ਹੈ।

ਉੱਤਰ:- ਗਲਤ।

ਪ੍ਰਸ਼ਨ12:- ਸਥਿਰ ਵਟਾਂਦਰਾ ਦਰ ਲਈ ਵਿਦੇਸ਼ੀ ਮੁਦਰਾ ਭੰਡਾਰ ਦੀ ਜ਼ਰੂਰਤ ਹੁੰਦੀ ਹੈ।

ਉੱਤਰ:-ਠੀਕ।

ਪ੍ਰਸ਼ਨ13:- ਵਿਦੇਸ਼ੀ ਮੁਦਰਾ ਦਾ ਅਰਥ ਹੈ ਸਭ ਦੇਸ਼ਾਂ ਦੀ ਮੁਦਰਾ ਸਿਵਾਏ ਘਰੇਲੂ ਦੇਸ਼ ਤੋਂ।

ਉੱਤਰ:-ਠੀਕ।

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ14:- ਸਥਿਰ ਵਟਾਂਦਰਾ ਦਰ ਕੀ ਹੈ?

ਪ੍ਰਸ਼ਨ15:- ਲੋਚਸ਼ੀਲ ਵਟਾਂਦਰਾ ਦਰ ਪ੍ਰਣਾਲੀ ਕੀ ਹੈ?

ਪ੍ਰਸ਼ਨ16:-ਹਾਜ਼ਿਰ ਬਜ਼ਾਰ ਅਤੇ ਵਾਅਦਾ ਬਜ਼ਾਰ ਤੋਂ ਕੀ ਭਾਵ ਹੈ ?

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ17:- ਵਿਦੇਸ਼ੀ ਵਟਾਂਦਰਾ ਪ੍ਰਣਾਲੀ ਵਿੱਚ ਗੰਦੀ ਪਰਿਵਰਤਨਸ਼ੀਲ(Dirty Floating) ਪ੍ਰਣਾਲੀ ਤੇ ਨੋਟ ਲਿਖੋ।

ਪ੍ਰਸ਼ਨ18:- ਸਥਿਰ ਵਟਾਂਦਰਾ ਦਰ ਦੇ ਲਾਭ ਤੇ ਹਾਨੀਆਂ ਲਿਖੋ।

ਪ੍ਰਸ਼ਨ19:-ਸੋਨਾਮਾਨ ਪ੍ਰਣਾਲੀ ਤੇ ਨੋਟ ਲਿਖੋ।

ਪ੍ਰਸ਼ਨ20:- ਵਿਦੇਸ਼ੀ ਮੁਦਰਾ ਬਜ਼ਾਰ ਦੇ ਕੰਮ ਲਿਖੋ।

## ਪਾਠ-14

## ਭੁਗਤਾਨ ਸੰਤੁਲਨ:ਅਰਥ ਅਤੇ ਤੱਤ

**ਦੋ ਅੰਕਾਂ ਵਾਲੇ ਪ੍ਰਸ਼ਨ**

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ1:- ਵਸਤੂਆਂ ਦੇ ਆਯਾਤ ਮੁੱਲ ਅਤੇ ਨਿਰਯਾਤ ਮੁੱਲ ਦੇ ਅੰਤਰ ਨੂੰ ਕੀ ਕਹਿੰਦੇ ਹਨ:

(ੳ) ਭੁਗਤਾਨ ਬਾਕੀ (ਅ) ਵਪਾਰ ਬਾਕੀ

(ੲ) ਵਣਜ ਬਾਕੀ (ਸ) ਕੋਈ ਵੀ ਨਹੀਂ

ਉੱਤਰ:- (ਅ) ਵਪਾਰ ਬਾਕੀ

ਪ੍ਰਸ਼ਨ2:- ਇੱਕ ਦੇਸ਼ ਦੇ ਨਿਵਾਸੀਆਂ ਦਾ ਦੂਜੇ ਦੇਸ਼ਾਂ ਦੇ ਨਿਵਾਸੀਆਂ ਨਾਲ ਆਰਥਿਕ ਲੈਣ ਦੇਣ ਨੂੰ ਕੀ ਕਹਿੰਦੇ ਹਨ:

(ੳ) ਭੁਗਤਾਨ ਬਾਕੀ (ਅ) ਵਪਾਰ ਬਾਕੀ

(ੲ) ਮੁਦਰਾ ਬਾਕੀ (ਸ) ਉਪਰੋਕਤ ਸਾਰੇ।

ਉੱਤਰ:- (ੳ) ਭੁਗਤਾਨ ਬਾਕੀ

ਪ੍ਰਸ਼ਨ3:- ਭੁਗਤਾਨ ਸੰਤੁਲਨ ਕਿਸ ਪ੍ਰਕਾਰ ਦਾ ਹੋ ਸਕਦਾ ਹੈ:

(ੳ) ਅਨੁਕੂਲ (ਅ) ਪ੍ਰਤੀਕੂਲ

(ੲ ) ਸੰਤੁਲਿਤ (ਸ) ਇਹਨਾਂ ਤਿੰਨਾਂ ਕਿਸਮਾਂ ਦਾ

ਉੱਤਰ :- (ਸ) ਇਹਨਾਂ ਤਿੰਨਾਂ ਕਿਸਮਾਂ ਦਾ

ਪ੍ਰਸ਼ਨ4:- ਚਾਲੂ ਖਾਤੇ ਵਿੱਚ ਕਿਹੜੀਆਂ ਮੱਦਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ:

(ੳ) ਦ੍ਰਿਸ਼ ਮੱਦਾਂ (ਅ) ਆਦ੍ਰਿਸ਼ ਮੱਦਾ

(ੲ) ਇੱਕ ਤਰਫਾ ਹਸਤਾਂਤਰਣ (ਸ) ਇਹ ਸਾਰੀਆਂ ਮੱਦਾਂ ਨੂੰ

ਉੱਤਰ:- (ਸ) ਇਹ ਸਾਰੀਆਂ ਮੱਦਾਂ ਨੂੰ

**ਖਾਲੀ ਥਾਵਾਂ ਭਰੋ:**

ਪ੍ਰਸ਼ਨ5:-ਭੁਗਤਾਨ ਬਾਕੀ ਵਪਾਰ ਬਾਕੀ ਤੋਂ ਹਮੇਸ਼ਾ----------ਹੁੰਦਾ ਹੈ।

ਉੱਤਰ:-ਜ਼ਿਆਦਾ

ਪ੍ਰਸ਼ਨ6:- ਜੇਕਰ ਕੁੱਲ ਪ੍ਰਾਪਤੀਆਂ,ਕੁੱਲ ਭੁਗਤਾਨ ਤੋਂ ਘੱਟ ਹੋਣ ਤਾਂ ਭੁਗਤਾਨ ਸੰਤੁਲਨ -------ਹੁੰਦਾ ਹੈ।

ਉੱਤਰ:-ਪ੍ਰਤੀਕੂਲ

ਪ੍ਰਸ਼ਨ7:ਭੁਗਤਾਨ ਬਾਕੀ ਦੇ ਦੋ ਭਾਗ -----ਖਾਤਾ ਅਤੇ -----------ਖਾਤਾ ਹਨ।

ਉੱਤਰ:-ਪੂੰਜੀ, ਚਾਲੂ

ਪ੍ਰਸ਼ਨ8:- ਖੁਦਮੁਖਤਿਆਰ ਮਦਾਂ ਦਾ ਸਬੰਧ------------ਨਾਲ ਹੁੰਦਾ ਹੈ।

ਉੱਤਰ:- ਲਾਭ।

ਪ੍ਰਸ਼ਨ9:- ਸਹੀ ਮਿਲਾਨ ਕਰੋ:-

| ੳ | ਅ |
|---|---|
| (a) ਅਨੁਕੂਲ ਭੁਗਤਾਨ ਸੰਤੁਲਨ | (a) ਜਦੋਂ ਕੁੱਲ ਪ੍ਰਾਪਤੀਆਂ ਅਤੇ ਕੁੱਲ ਭੁਗਤਾਨ ਬਰਾਬਰ ਹੋਣ |
| (b) ਪ੍ਰਤੀਕੂਲ ਭੁਗਤਾਨ ਸੰਤੁਲਨ | (b) ਇੱਕ ਦੇਸ਼ ਦਾ ਬਾਕੀ ਸੰਸਾਰ ਨਾਲ ਇੱਕ ਨਿਸ਼ਚਿਤ ਸਮੇਂ ਵਿੱਚ ਆਰਥਿਕ ਲੈਣ ਦੇਣ |
| (c) ਸੰਤੁਲਿਤ ਭੁਗਤਾਨ ਸੰਤੁਲਨ | (c) ਨਿਰਯਾਤ ਅਤੇ ਆਯਾਤ ਦੀਆਂ ਦ੍ਰਿਸ਼ ਮੱਦਾਂ ਦਾ ਅੰਤਰ |
| (d) ਵਪਾਰ ਬਾਕੀ | (d) ਜਦੋਂ ਦੇਸ਼ ਦੀਆਂ ਪ੍ਰਾਪਤੀਆਂ ਉਸਦੇ ਭੁਗਤਾਨਾਂ ਤੋਂ ਵੱਧ ਹੋਣ |
| (e)ਭੁਗਤਾਨ ਬਾਕੀ | (e)ਜਦੋਂ ਦੇਸ਼ ਦੀਆਂ ਪ੍ਰਾਪਤੀਆਂ ਉਸਦੇ ਭੁਗਤਾਨਾਂ ਤੋਂ ਘੱਟ ਹੋਣ |

ਉੱਤਰ:- a-d,b-e,c-a,d-c,e-b

**ਠੀਕ ਅਤੇ ਗਲਤ ਕਥਨ**

ਪ੍ਰਸ਼ਨ10:- ਦ੍ਰਿਸ਼ ਮਦਾਂ ਤੋਂ ਭਾਵ ਵਸਤੂਆਂ ਦੇ ਆਯਾਤ ਅਤੇ ਨਿਰਯਾਤ ਤੋਂ ਹੈ।

ਉੱਤਰ:- ਠੀਕ।

ਪ੍ਰਸ਼ਨ11:- ਤੋਹਫੇ ਅਤੇ ਪ੍ਰਾਪਤ ਅਨੁਦਾਨ ਪੂੰਜੀ ਖਾਤੇ ਵਿੱਚ ਬਾਕੀ ਭੁਗਤਾਨ ਦੀ ਮਦ ਹੈ।

ਉੱਤਰ:-ਗਲਤ।

ਪ੍ਰਸ਼ਨ12:- ਅਦ੍ਰਿਸ਼ ਮਦਾਂ ਤੋਂ ਭਾਵ ਸੇਵਾਵਾਂ ਦੇ ਆਯਾਤ ਅਤੇ ਨਿਰਯਾਤ ਤੋਂ ਹੈ।

ਉੱਤਰ:-ਠੀਕ।

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ13:- ਵਪਾਰ ਬਾਕੀ ਦਾ ਅਰਥ ਸਪੱਸ਼ਟ ਕਰੋ?

ਪ੍ਰਸ਼ਨ14:-ਭੁਗਤਾਨ ਸੰਤੁਲਨ ਦੀਆਂ 'ਸੁਤੰਤਰ' ਮੱਦਾਂ ਤੇ ਨੋਟ ਲਿਖੋ?

ਪ੍ਰਸ਼ਨ15 ਭੁਗਤਾਨ ਸੰਤੁਲਨ ਵਿੱਚ ਅਸੰਤੁਲਨ ਨੂੰ ਸਹੀ ਕਰਨ ਦੇ ਕੋਈ ਤਿੰਨ ਉਪਾਅ ਲਿਖੋ?

ਪ੍ਰਸ਼ਨ16:- ਜੇ ਵਪਾਰ ਸੰਤੁਲਨ 300 ਕਰੋੜ ਰੁਪਏ ਦੇ ਘਾਟੇ ਨੂੰ ਦਰਸਾਉਂਦਾ ਹੈ, ਨਿਰਯਾਤ ਦਾ ਮੁੱਲ 500 ਕਰੋੜ ਰੁਪਏ ਹੋਵੇ ਤਾਂ ਆਯਾਤ ਦਾ ਮੁੱਲ ਪਤਾ ਕਰੋ।

**ਚਾਰ ਅੰਕਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ17:- ਵਪਾਰ ਬਾਕੀ ਅਤੇ ਭੁਗਤਾਨ ਬਾਕੀ ਵਿੱਚ ਅੰਤਰ ਲਿਖੋ।

ਪ੍ਰਸ਼ਨ18:- ਭੁਗਤਾਨ ਸੰਤੁਲਨ ਤੋ ਕੀ ਭਾਵ ਹੈ? ਇਸਦੇ ਅੰਤਰਗਤ ਹੋਣ ਵਾਲੇ ਲੈਣ-ਦੇਣ ਦਾ ਵਰਗੀਕਰਣ ਕਰੋ।

ਪ੍ਰਸ਼ਨ19:-ਕੀ ਭੁਗਤਾਨ ਸੰਤੁਲਨ ਹਮੇਸ਼ਾਂ ਸੰਤੁਲਨ ਹੁੰਦਾ ਹੈ? ਵਿਆਖਿਆ ਕਰੋ।

ਪ੍ਰਸ਼ਨ20:- ਚਾਲੂ ਖਾਤੇ ਅਤੇ ਪੂੰਜੀ ਖਾਤੇ ਵਿੱਚ ਅੰਤਰ ਲਿਖੋ।